ਪੰਜਾਬ™
India begins here



# ਪੰਜਾਬ ਸਰਕਾਰ

ਵੱਲੋਂ

## ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੀ ਭਲਾਈ ਲਈ ਵਿਸ਼ੇਸ਼ ਉੱਦਮ

ਭਲਾਈ ਸਕੀਮਾਂ ਦਾ ਵੇਰਵਾ

GOVT. OF PUNJAB




ਜ਼ਿਲ੍ਹਾ ਅੰਮ੍ਰਿਤਸਰ
ਮਿਤੀ 15-1-2016


HEARTIEST WELCOME
S. Gulzar Singh Ranike
Cabinet Minister (Pb.)
and
Shri Ravi Bhagat IAS
Deputy Commissioner, Amritsar
Inaugural Function of
ਐਡਵਾਂਸ ਕਟਿੰਗ ਅਤੇ ਟੇਲਰਿੰਗ







# ਸੰਦੇਸ਼

ਸ੍ਰ. ਪਰਕਾਸ਼ ਸਿੰਘ ਬਾਦਲ,
ਮੁੱਖ ਮੰਤਰੀ, ਪੰਜਾਬ

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਲੋਕਾਂ, ਵਿਸ਼ੇਸ਼ਕਰ ਗਰੀਬ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਰਥਿਕ, ਸਮਾਜਿਕ ਅਤੇ ਵਿੱਦਿਅਕ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਦੇਣ ਸਬੰਧੀ ਇਹ 'ਬਰੋਸ਼ਰ' ਪ੍ਰਕਾਸ਼ਿਤ ਕਰਵਾਇਆ ਜਾ ਰਿਹਾ ਹੈ। ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀ ਲੋਕਾਂ ਦੀ ਵਸੋਂ 88.60 ਲੱਖ ਹੈ, ਜੋ ਕਿ ਰਾਜ ਦੀ ਕੁੱਲ ਵਸੋਂ 277.43 ਲੱਖ ਦਾ 31.94% ਹੈ ਅਤੇ ਇਹ ਪ੍ਰਤੀਸ਼ਤਤਾ ਸਮੁੱਚੇ ਦੇਸ਼ ਵਿਚ ਸਭ ਤੋਂ ਵੱਧ ਹੈ। ਇਸ ਵਰਗ ਦੇ ਲੋਕਾਂ ਦੇ ਸਮੁੱਚੇ ਵਿਕਾਸ ਲਈ ਰਾਜ ਵਿਚ 6ਵੀਂ ਪੰਜ ਸਾਲਾ ਯੋਜਨਾ (1980-85) ਤੋਂ 'ਅਨੁਸੂਚਿਤ ਜਾਤੀਆਂ ਸਬ ਪਲਾਨ' ਦੀ ਧਾਰਨਾ ਨੂੰ ਲਾਗੂ ਕੀਤਾ ਜਾ ਰਿਹਾ ਹੈ, ਜਿਸ ਦਾ ਇਸ 'ਬਰੋਸ਼ਰ' ਵਿਚ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ।

ਮੈਂ ਭਲਾਈ ਵਿਭਾਗ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਅਪਣੀਆਂ ਸ਼ੁਭ ਇਛਾਵਾਂ ਦਿੰਦਾ ਹਾਂ।

ਪਰਕਾਸ਼ ਸਿੰਘ
(ਪਰਕਾਸ਼ ਸਿੰਘ ਬਾਦਲ)

ਸ੍ਰ. ਗੁਲਜ਼ਾਰ ਸਿੰਘ ਰਣੀਕੇ,
ਅਨੁਸੂਚਿਤ ਜਾਤੀਆਂ ਅਤੇ
ਪੱਛੜੀਆਂ ਸ੍ਰੇਣੀਆਂ ਭਲਾਈ ਮੰਤਰੀ, ਪੰਜਾਬ

# ਸੰਦੇਸ਼



ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਇਨ੍ਹਾਂ ਵਰਗਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਰਾਜ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਪੂਰਨ ਜਾਣਕਾਰੀ ਦੇਣ ਬਾਰੇ ਭਾਂਵੇਂ ਭਲਾਈ ਵਿਭਾਗ ਵੱਲੋਂ ਸਮੇਂ-ਸਮੇਂ ਤੇ ਫੋਲਡਰ/ਪੈਂਫਲੈਟ ਜਨਤਾ ਵਿੱਚ ਵੰਡੇ ਜਾਂਦੇ ਹਨ, ਪ੍ਰੰਤੂ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਨ੍ਹਾਂ ਵਰਗਾਂ ਨੂੰ ਅਜੇ ਵੀ ਭਲਾਈ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਪ੍ਰਤੀ ਹੋਰ ਵਧੇਰੇ ਜਾਣਕਾਰੀ ਦੇਣ ਦੀ ਲੋੜ ਹੈ ਤਾਂ ਜੋ ਉਹ ਅਜਿਹੀਆਂ ਸਕੀਮਾਂ ਅਧੀਨ ਸਰਕਾਰ ਵੱਲੋਂ ਦਿੱਤੇ ਜਾ ਰਹੇ ਲਾਭਾਂ ਨੂੰ ਪ੍ਰਾਪਤ ਕਰ ਸਕਣ।

ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਸਮੁੱਚੇ ਵਿਕਾਸ ਲਈ ਵੱਖ-ਵੱਖ ਵਿਭਾਗਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦੇਣ ਦੇ ਮਕਸਦ ਨਾਲ ਭਲਾਈ ਵਿਭਾਗ ਵੱਲੋਂ '**ਅਨੁਸੂਚਿਤ ਜਾਤੀਆਂ ਸਬ ਪਲਾਨ**' ਵੱਖਰੇ ਤੌਰ ਤੇ ਤਿਆਰ ਕੀਤੀ ਜਾਂਦੀ ਹੈ, ਜਿਸ ਸਬੰਧੀ ਵੀ ਇਸ "**ਬਰੋਸ਼ਰ**" ਵਿਚ ਵਿਸਥਾਰਪੂਰਵਕ ਵੇਰਵਾ ਉਪਲੱਬਧ ਹੈ।

ਮੈਂ ਇਸ ਉਪਰਾਲੇ ਲਈ ਭਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਅਪਣੀਆਂ ਸ਼ੁਭ ਕਾਮਨਾਵਾਂ ਦਿੰਦਾ ਹਾਂ।

**(ਗੁਲਜ਼ਾਰ ਸਿੰਘ ਰਣੀਕੇ)**

## ਸੰਦੇਸ਼

ਮੈਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਈ ਹੈ ਕਿ ਭਲਾਈ ਵਿਭਾਗ ਵੱਲੋਂ ਰਾਜ ਦੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਲੋਕਾਂ ਦੇ ਸਮੁੱਚੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਅਨੁਸੂਚਿਤ ਜਾਤੀਆਂ ਦੇ ਆਰਥਿਕ, ਸਮਾਜਿਕ ਅਤੇ ਵਿਦਿਅਕ ਵਿਕਾਸ ਲਈ ਅਨੁਸੂਚਿਤ ਜਾਤੀਆਂ ਸਬ ਪਲਾਨ ਬਾਰੇ ਜਾਣਕਾਰੀ ਦੇਣ ਲਈ ਇਹ "**ਬਰੋਸ਼ਰ**" ਪ੍ਰਕਾਸ਼ਿਤ ਕਰਵਾਇਆ ਜਾ ਰਿਹਾ ਹੈ। ਮੈਨੂੰ ਉਮੀਦ ਹੈ ਕਿ ਇਸ ਜਾਣਕਾਰੀ ਸਦਕਾ ਮਹਿਕਮੇ ਨਾਲ ਸਬੰਧਤ ਸਾਰੇ ਵਰਗਾਂ ਨੂੰ ਭਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵਧੇਰੇ ਲਾਭ ਮਿਲ ਸਕੇਗਾ।

ਮੈਂ ਆਸ ਕਰਦਾ ਹਾਂ ਕਿ ਭਲਾਈ ਵਿਭਾਗ ਵੱਲੋਂ ਕੀਤੇ ਗਏ ਇਸ ਉਪਰਾਲੇ ਦੇ ਵਧੀਆ ਨਤੀਜੇ ਸਾਹਮਣੇ ਆਉਣਗੇ।

**(ਕਿਰਪਾ ਸ਼ੰਕਰ ਸਰੋਜ)**
**ਸਕੱਤਰ ਭਲਾਈ, ਪੰਜਾਬ**

# ਭਲਾਈ ਵਿਭਾਗ ਤੇ ਇੱਕ ਝਾਤ

ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਕਾਸ ਅਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ। ਇਸ ਸਮੁੱਚੇ ਕੰਮ ਨੂੰ ਅਮਲੀ ਰੂਪ ਦੇਣ ਲਈ ਭਲਾਈ ਵਿਭਾਗ ਅਧੀਨ ਹੇਠ ਲਿਖੇ ਅਦਾਰੇ ਕੰਮ ਕਰ ਰਹੇ ਹਨ:-

i) ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ
   - ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕ੍ਰਾਸ ਅਤੇ ਵਿੱਤ ਨਿਗਮ
   - ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ

ii) ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਸਬ ਪਲਾਨ

iii) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ

iv) ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ

v) ਪੰਜਾਬ ਰਾਜ ਦਲਿਤ ਵਿਕਾਸ ਬੋਰਡ

vi) ਪੰਜਾਬ ਰਾਜ ਸਫਾਈ ਕਰਮਚਾਰੀ ਭਲਾਈ ਬੋਰਡ

vii) ਪੰਜਾਬ ਰਾਜ ਰਾਜਪੂਤ ਕਲਿਆਣ ਬੋਰਡ

viii) ਪਰਜਾਪਤ ਭਲਾਈ ਬੋਰਡ

ix) ਬਾਜੀਗਰ ਅਤੇ ਟਪਰੀਵਾਸ ਵਿਕਾਸ ਬੋਰਡ

x) ਵਿਮੁਕਤ ਜਾਤੀ ਭਲਾਈ ਬੋਰਡ

ਭਲਾਈ ਵਿਭਾਗ ਦਾ ਪ੍ਰਬੰਧਕੀ-ਚਾਰਟ ਅਗਲੇ ਪੰਨੇ ਤੇ ਦਰਜ ਹੈ:-

**ਮੰਤਰੀ**
**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ**
ਕਮਰਾ ਨੰ: 32, ਤੀਜੀ ਮੰਜਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ
ਫੋਨ ਨੰ: 0172-2741817 (ਦਫਤਰ) ਈ-ਮੇਲ: psahwm@gmail.com

**ਮੁੱਖ ਸੰਸਦੀ ਸਕੱਤਰ**
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ
ਕਮਰਾ ਨੰ: 35, ਚੌਥੀ ਮੰਜਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ
ਫੋਨ ਨੰ: 0172-2741984 (ਦਫਤਰ)
ਈ-ਮੇਲ: kumarpawan43@gmail.com

**ਸਕੱਤਰ**
**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ**
ਕਮਰਾ ਨੰ: 714, ਸੱਤਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-2,
ਸੈਕਟਰ-9, ਚੰਡੀਗੜ੍ਹ ਫੋਨ ਨੰ: 0172-2741817 (ਦਫਤਰ)
ਈ-ਮੇਲ: secretarywelfare811@gmail.com

**ਚੇਅਰਮੈਨ**
ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ,
ਕਮਰਾ ਨੰ: 8, ਚੌਥੀ ਮੰਜਿਲ, ਪੰਜਾਬ ਸਿਵਲ
ਸਕੱਤਰੇਤ-1, ਚੰਡੀਗੜ੍ਹ
ਫੋਨ ਨੰ: 0172-2741342 (ਦਫਤਰ)
ਈ-ਮੇਲ: chrm.psscc@punjab.gov.in

**ਚੇਅਰਮੈਨ**
ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ, ਵਣ ਭਵਨ,
ਸੈਕਟਰ-68, ਮੋਹਾਲੀ
ਫੋਨ ਨੰ: 0172-2298097 (ਦਫਤਰ)
ਈ-ਮੇਲ: BCCOMMISSION93@gmail.com

**ਡਾਇਰੈਕਟਰ**
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ,
ਪੰਜਾਬ, ਐਸ.ਸੀ.ਓ. 128-129, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2600588 (ਦਫਤਰ)
ਈ-ਮੇਲ: directorwelfarepunjab@gmail.com

**ਡਾਇਰੈਕਟਰ-ਕਮ-ਸੰਯੁਕਤ ਸਕੱਤਰ**
ਅਨੁਸੂਚਿਤ ਜਾਤੀਆਂ ਸਬ ਪਲਾਨ, ਪੰਜਾਬ,
ਐਸ.ਸੀ.ਓ. 124-125, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-2661170 (ਦਫਤਰ)
ਈ-ਮੇਲ: dir.scsp@punjab.gov.in

**ਪ੍ਰੋਜੈਕਟ ਡਾਇਰੈਕਟਰ, ਮਨਿਓਰਟੀ ਸੈਲ**
ਭਲਾਈ ਵਿਭਾਗ, ਐਸ.ਸੀ.ਓ. 148-149, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-5015850 (ਦਫਤਰ)
ਈ-ਮੇਲ: welfareofscbc@gmail.com

**ਕਾਰਜਕਾਰੀ ਡਾਇਰੈਕਟਰ**
ਪੰਜਾਬ ਪੱਛੜੀਆਂ ਸ਼੍ਰੇਣੀਆਂ ਲੋ ਵਿਕਾਸ ਅਤੇ ਵਿੱਤ ਨਿਗਮ,
ਐਸ.ਸੀ.ਓ. 60-61, ਸੈਕਟਰ-17 ਏ, ਚੰਡੀਗੜ੍ਹ
ਫੋਨ ਨੰ: 0172-2705982 (ਦਫਤਰ)
ਈ-ਮੇਲ: punjabbackfinco@yahoo.co.in

**ਕਾਰਜਕਾਰੀ ਡਾਇਰੈਕਟਰ**
ਪੰਜਾਬ ਅਨੁਸੂਚਿਤ ਜਾਤੀਆਂ ਲੋ ਵਿਕਾਸ ਅਤੇ ਵਿੱਤ ਨਿਗਮ,
ਐਸ.ਸੀ.ਓ. 101-103, ਸੈਕਟਰ-17 ਸੀ, ਚੰਡੀਗੜ੍ਹ
ਫੋਨ ਨੰ: 0172-5025907 (ਦਫਤਰ)
ਈ-ਮੇਲ: gmpscfc@gmail.com

**ਚੇਅਰਮੈਨ**
ਪੰਜਾਬ ਰਾਜ ਰਾਜਪੂਤ ਕਲਿਆਣ ਬੋਰਡ, ਵਣ ਭਵਨ, ਸੈਕਟਰ-68, ਮੋਹਾਲੀ ਫੋਨ ਨੰ: 0172-2298000, 5601, 5602 (ਦਫਤਰ)
ਈ-ਮੇਲ:
psrajputwelboard@gmail.com

**ਚੇਅਰਮੈਨ**
ਪੰਜਾਬ ਰਾਜ ਸਫਾਈ ਕਰਮਚਾਰੀ ਭਲਾਈ ਬੋਰਡ, ਵਣ ਭਵਨ, ਸੈਕਟਰ-68, ਮੋਹਾਲੀ
ਫੋਨ ਨੰ: 0172-2298000 (ਦਫਤਰ)
ਈ-ਮੇਲ:
rk.atikaye@gmail.com

**ਚੇਅਰਮੈਨ**
ਪੰਜਾਬ ਰਾਜ ਦਲਿੱਤ ਵਿਕਾਸ ਬੋਰਡ, ਵਣ ਭਵਨ,
ਸੈਕਟਰ-68, ਮੋਹਾਲੀ, ਫੋਨ ਨੰ: 0172-2298000,
4503 (ਦਫਤਰ)
ਈ-ਮੇਲ:
vijay.daanav3@gmail.com

**ਚੇਅਰਮੈਨ**
ਪਰਜਾਪਤ ਭਲਾਈ ਬੋਰਡ, ਵਣ ਭਵਨ,
ਸੈਕਟਰ-68, ਮੋਹਾਲੀ, ਫੋਨ ਨੰ: 0172-2298000
(ਦਫਤਰ)

**ਚੇਅਰਮੈਨ**
ਬਾਜੀਗਰ ਅਤੇ ਟਪਰੀਵਾਸ ਵਿਕਾਸ ਬੋਰਡ, ਵਣ ਭਵਨ,
ਸੈਕਟਰ-68, ਮੋਹਾਲੀ, ਫੋਨ ਨੰ: 0172-2298000
(ਦਫਤਰ)

**ਚੇਅਰਮੈਨ**
ਵਿਮੁਕਤ ਜਾਤੀ ਭਲਾਈ ਬੋਰਡ, ਵਣ ਭਵਨ,
ਸੈਕਟਰ-68, ਮੋਹਾਲੀ, ਫੋਨ ਨੰ: 0172-2298000
(ਦਫਤਰ)


ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਆਨ-ਲਾਈਨ ਐਪਲੀਕੇਸ਼ਨਾਂ ਦਾ ਪੋਰਟਲ
Dr. Ambedkar
by
Punjab Government
Home
Authorities Login
Information
Scheme Details
FAQ
HELP DESK








DR. B. R. AMBEDKAR

# ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਸਬੰਧੀ ਭਲਾਈ ਸਕੀਮਾਂ ਦਾ ਵੇਰਵਾ


ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ.ਨੰ:128-129, ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ:0172-2600588, 2602912
Website: www.welfarepunjab.gov.in
E.mail: directorwelfarepunjab@gmail.com

ਮਨਿਓਰਿਟੀ ਵਿੰਗ
ਐਸ.ਸੀ.ਓ. 148-149, ਤੀਸਰੀ ਮੰਜ਼ਿਲ, ਸੈਕਟਰ 34-ਏ,
ਚੰਡੀਗੜ੍ਹ-160022
ਟੋਲ ਫ੍ਰੀ ਨੰ: 1800-137-0015

## ਭੂਮਿਕਾ

ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਦੇ ਕਾਰਜ ਖੇਤਰ ਵਿਚ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਕਾਸ ਲਈ ਉਪਰਾਲਿਆਂ ਨਾਲ ਸਬੰਧਤ ਸਾਰੇ ਮਾਮਲੇ ਆਉਂਦੇ ਹਨ। ਇਸ ਡਾਇਰੈਕਟੋਰੇਟ ਦੀ ਕਾਰਗੁਜ਼ਾਰੀ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ (ਅਤਿਆਚਾਰ ਨਿਵਾਰਨ) ਐਕਟ-1989, ਸਿਵਲ ਅਧਿਕਾਰ ਸੁਰੱਖਿਆ ਐਕਟ-1955 ਦਾ ਪ੍ਰਬੰਧ, ਅਛੂਤਤਾ ਨੂੰ ਖਤਮ ਕਰਨ ਲਈ ਮਾਪਦੰਡ ਅਪਣਾਉਣਾ ਸ਼ਾਮਲ ਹਨ। ਇਸ ਡਾਇਰੈਕਟੋਰੇਟ ਵੱਲੋਂ 'ਹੱਥ ਨਾਲ ਕੂੜਾ ਕਰਕਟ ਚੁੱਕਣ ਵਾਲੇ ਕਾਮਿਆਂ ਦੇ ਧੰਦੇ ਦੀ ਵਰਜਣਾ ਅਤੇ ਕਾਮਿਆਂ ਦਾ ਪੁਨਰਵਾਸ ਐਕਟ-2013' ਨੂੰ ਵੀ ਹੋਰਨਾਂ ਵਿਭਾਗਾਂ ਦੇ ਸਹਿਯੋਗ ਨਾਲ ਲਾਗੂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਡਾਇਰੈਕਟੋਰੇਟ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਸੇਵਾਵਾਂ ਵਿਚ ਨਿਯੁਕਤੀ ਅਤੇ ਤਰੱਕੀ ਵਿਚ ਰਾਖਵਾਂਕਰਨ ਨੂੰ ਲਾਗੂ ਕਰਨ ਸਬੰਧੀ ਨੋਡਲ ਵਿਭਾਗ ਹੈ।

ਉਕਤ ਤੋਂ ਇਲਾਵਾ ਹੇਠ ਨੋਟ ਅਦਾਰਿਆਂ ਦਾ ਪ੍ਰਬੰਧਕੀ ਕੰਟਰੋਲ ਵੀ ਇਸ ਡਾਇਰੈਕਟੋਰੇਟ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਜਿਨ੍ਹਾ ਦਾ ਕੰਮ ਸਬੰਧਤ ਕਾਰਜਕਾਰੀ ਡਾਇਰੈਕਟਰ ਰਾਹੀਂ ਹੁੰਦਾ ਹੈ:-

ੳ) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ; ਅਤੇ

ਅ) ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ

# I. ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸਕੀਮਾਂ

## i. ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ, ਗ੍ਰੈਜੂਏਟ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਦਸਵੀਂ ਕਲਾਸ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ;
- ਭਲਾਈ ਵਿਭਾਗ ਦੀ "ਸੈਟਿੰਗ ਅੱਪ ਆਫ ਇੰਸਟੀਚਿਊਟ ਫਾਰ ਟ੍ਰੇਨਿੰਗ ਟੂ ਸ਼ਡਿਊਲਡ ਕਾਸਟਸ ਇੰਨ ਸਟੈਨੋਗ੍ਰਾਫੀ ਸਿਖਲਾਈ ਸੰਸਥਾ" ਸਕੀਮ ਅਧੀਨ ਅਨੁਸੂਚਿਤ ਜਾਤੀ ਵਰਗ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ ਨਾਲ ਸਬੰਧਤ ਉਮੀਦਵਾਰ ਨੂੰ ਜ਼ਿਲ੍ਹਾ ਭਲਾਈ ਅਫਸਰ ਦੇ ਦਫਤਰ ਅੰਮ੍ਰਿਤਸਰ, ਫਿਰੋਜ਼ਪੁਰ, ਪਟਿਆਲਾ ਅਤੇ ਡਾ: ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਮੁਹਾਲੀ ਵਿਖੇ ਪੰਜਾਬੀ ਅਤੇ ਅੰਗ੍ਰੇਜ਼ੀ ਸਟੈਨੋਗ੍ਰਾਫੀ ਦੀ ਟ੍ਰੇਨਿੰਗ ਦਿਵਾਈ ਜਾਂਦੀ ਹੈ;
- ਟ੍ਰੇਨਿੰਗ ਦੌਰਾਨ 1500/- ਰੁਪਏ, ਪ੍ਰਤੀ ਮਹੀਨਾ, ਪ੍ਰਤੀ ਟਰੇਨੀ ਨੂੰ ਵਜ਼ੀਫਾ ਦਿੱਤਾ ਜਾਂਦਾ ਹੈ;
- ਸਾਲ 2014-15 ਦੌਰਾਨ 0.88 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ 167 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਦੌਰਾਨ 0.97 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ 132 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 180 ਟੀਚਿਆਂ ਲਈ 1.21 ਕਰੋੜ ਰੁਪਏ ਦਾ ਬਜਟ ਉਪਬੰਧ ਹੈ।

## ii. ਸ਼ਗਨ ਸਕੀਮ

- ਲੜਕੀ ਦੇ ਮਾਪੇ/ਸਰਪ੍ਰਸਤ ਅਨੁਸੂਚਿਤ ਜਾਤੀ, ਇਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ; ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ;
- ਲੜਕੀ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ;
- ਲੜਕੀ ਦੇ ਪਰਿਵਾਰ ਦੀ ਸਲਾਨਾ ਆਮਦਨ 32,790/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ;
- ਸ਼ਗਨ ਸਕੀਮ ਅਧੀਨ ਦਰਖਾਸਤ ਵਿਆਹ ਦੀ ਮਿਤੀ ਤੋਂ ਪਹਿਲਾਂ ਅਤੇ ਵਿਆਹ ਤੋਂ 30 ਦਿਨ ਬਾਅਦ ਤੱਕ ਵੀ ਸਬੰਧਤ ਤਹਿਸੀਲ ਭਲਾਈ ਅਫਸਰ ਜਾਂ ਜਿਲ੍ਹਾ ਭਲਾਈ ਅਫਸਰ ਨੂੰ ਦਿੱਤੀ ਜਾਵੇਗੀ;
- ਸ਼ਗਨ ਸਕੀਮ ਅਧੀਨ 15,000/- ਰੁਪਏ ਪ੍ਰਤੀ ਲੜਕੀ ਤੇ ਪਰਿਵਾਰ ਦੀਆਂ ਵੱਧ ਤੋਂ ਵੱਧ ਦੋ ਲੜਕੀਆਂ, ਦੀ ਸ਼ਾਦੀ ਸਮੇਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
- ਸਾਲ 2014-15 ਦੌਰਾਨ 87.54 ਕਰੋੜ ਰੁਪਏ ਦੀ ਰਾਸ਼ੀ ਨਾਲ 58,362 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ। ਸਾਲ 2015-16 ਦੌਰਾਨ 89.97 ਕਰੋੜ ਰੁਪਏ ਦੀ ਰਾਸ਼ੀ ਨਾਲ 59,979 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ। ਸਾਲ 2016-17 ਦੌਰਾਨ 118.00 ਕਰੋੜ ਰੁਪਏ ਦਾ ਬਜਟ ਉਪਬੰਧ ਹੈ, ਜਿਸ ਵਿਚੋਂ 27.83 ਕਰੋੜ ਰੁਪਏ ਦੀ ਰਾਸ਼ੀ ਨਾਲ 18,553 ਲਾਭਪਾਤਰੀ ਕਵਰ ਕੀਤੇ ਜਾ ਚੁੱਕੇ ਹਨ।

## iii. ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;

- ਪੋਸਟ ਮੈਟ੍ਰਿਕ ਕਲਾਸ 10+1, 10+2, ਡਿਪਲੋਮਾ/ਡਿਗਰੀ ਕੋਰਸ, ਮਾਸਟਰ ਡਿਗਰੀ ਅਤੇ ਪ੍ਰੋਫੈਸ਼ਨਲ ਕੋਰਸਾਂ ਮੈਡੀਕਲ/ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਾ ਹੋਵੇ;
- ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ (Non-refundable compulsory fee) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ;
- ਕੋਰਸ ਦੇ ਗਰੁੱਪ ਮੁਤਾਬਿਕ ਹੋਸਟਲਰ ਨੂੰ 380/- ਤੋਂ 1200/- ਰੁਪਏ ਅਤੇ ਡੇ-ਸਕਾਲਰ ਨੂੰ 230/- ਤੋਂ 550/- ਰੁਪਏ ਪ੍ਰਤੀ ਮਹੀਨਾ ਮੇਨਟੇਨੈਂਸ ਅਲਾਊਂਸ ਦਿੱਤਾ ਜਾਂਦਾ ਹੈ;
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਉਪਬੰਧ ਹੈ;
- ਸਾਲ 2016-17 ਦੌਰਾਨ 600.00 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ।

**iv. ਅਨੁਸੂਚਿਤ ਜਾਤੀਆਂ ਦੇ 9ਵੀਂ ਅਤੇ 10ਵੀਂ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ**

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਡੇ-ਸਕਾਲਰ ਵਿਦਿਆਰਥੀਆਂ ਨੂੰ 150/- ਅਤੇ ਹੋਸਟਲਰ ਨੂੰ 350/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਸਕਾਲਰਸ਼ਿਪ ਅਤੇ ਡੇ-ਸਕਾਲਰ ਨੂੰ 750/- ਅਤੇ ਹੋਸਟਲਰ ਨੂੰ 1000/- ਰੁਪਏ ਪਾਠ-ਪੁਸਤਕਾਂ ਆਦਿ ਲਈ ਯਕਮੁਸ਼ਤ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ;
- ਸਾਲ 2014-15 ਲਈ 44.66 ਕਰੋੜ ਰੁਪਏ ਦੀ ਰਾਸ਼ੀ ਨਾਲ 1,98,475 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਦੌਰਾਨ 47.77 ਕਰੋੜ ਰੁਪਏ ਦੀ ਰਾਸ਼ੀ ਨਾਲ 2,22,520 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 52.57 ਕਰੋੜ ਰੁਪਏ ਦੀ ਰਾਸ਼ੀ ਨਾਲ 2,33,644 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਹੈ।

**v. ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਕਲਾਸਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਸਕੀਮ**

- ਵਿਦਿਆਰਥਣ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ ਪਾਸ ਪੰਜ ਏਕੜ ਤੋਂ ਵੱਧ ਵਾਹੀ-ਯੋਗ ਜਮੀਨ ਨਾ ਹੋਵੇ ਅਤੇ ਆਮਦਨ ਕਰ ਦੀ ਹੱਦ ਵਿੱਚ ਨਾ ਆਉਂਦੇ ਹੋਣ;
- ਵਿਦਿਆਰਥਣ ਦੀ ਹਾਜ਼ਰੀ ਘੱਟੋ-ਘੱਟ 75% ਹੋਵੇ;
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫਾ ਦਿੱਤਾ ਜਾਂਦਾ ਹੈ।
- ਸਾਲ 2014-15 ਦੌਰਾਨ 8.14 ਕਰੋੜ ਰੁਪਏ ਦੀ ਰਾਸ਼ੀ ਨਾਲ 1,63,756 ਵਿਦਿਆਰਥਣਾਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਦੌਰਾਨ 9.07 ਕਰੋੜ ਰੁਪਏ ਦੀ ਰਾਸ਼ੀ ਨਾਲ 1,81,412 ਵਿਦਿਆਰਥਣਾਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 8.00 ਕਰੋੜ ਰੁਪਏ ਦੀ ਰਾਸ਼ੀ ਨਾਲ 1,60,000 ਵਿਦਿਆਰਥਣਾਂ ਨੂੰ ਕਵਰ ਕਰਨ ਦਾ ਟੀਚਾ ਹੈ।

## vi. ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀਆਂ) ਲਈ ਵਜ਼ੀਫਾ ਸਕੀਮ

- ਵਿਦਿਆਰਥੀ ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀ) ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਵਿਦਿਆਰਥੀ ਦੇ ਮਾਪਿਆਂ ਦੀ ਸਲਾਨਾ ਆਮਦਨ 50,000/- ਰੁਪਏ ਤੋਂ ਵੱਧ ਨਾ ਹੋਵੇ;
- ਯੋਗ ਵਿਦਿਆਰਥੀਆਂ ਨੂੰ ਪ੍ਰਾਇਮਰੀ ਪੱਧਰ ਤੋਂ ਲਾਅ, ਪੋਸਟ-ਗਰੈਜੂਏਸ਼ਨ ਅਤੇ ਮੈਡੀਕਲ/ ਇੰਜਨੀਅਰਿੰਗ ਤੱਕ ਦੇ ਕੋਰਸਾਂ ਦੀ ਪੜ੍ਹਾਈ ਲਈ ਹੋਸਟਲਰ ਨੂੰ 134/- ਤੋਂ 645/- ਰੁਪਏ ਪ੍ਰਤੀ ਮਹੀਨਾ ਅਤੇ ਡੇ-ਸਕਾਲਰ ਨੂੰ 30/- ਤੋਂ 477/- ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ;
- ਸਾਲ 2016-17 ਦੌਰਾਨ 0.30 ਕਰੋੜ ਰੁਪਏ ਦੀ ਰਾਸ਼ੀ ਨਾਲ 5,885 ਵਿਦਿਆਰਥੀਆਂ ਨੂੰ ਕਵਰ ਕੀਤੇ ਜਾਣ ਦਾ ਟੀਚਾ ਹੈ।

## vii. ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀਂ ਤੋਂ 12ਵੀਂ ਕਲਾਸਿਜ਼) ਨੂੰ ਇਨਾਮ ਦੇਣ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਵਿਦਿਅਕ ਬਲਾਕ ਵਿੱਚੋਂ ਪ੍ਰਾਈਮਰੀ, ਮਿਡਲ ਅਤੇ ਹਾਈ ਸਕੂਲ ਪੱਧਰ ਦੀਆਂ ਖੇਡਾਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ ਚੁਣਿਆ ਜਾਂਦਾ ਹੈ;
- 6ਵੀਂ ਤੋਂ 8ਵੀਂ, 9ਵੀਂ ਅਤੇ 10ਵੀਂ ਅਤੇ 10+1 ਅਤੇ 10+2 ਕਲਾਸਾਂ ਵਿੱਚ ਪੜ੍ਹਨ ਸਮੇਂ ਕ੍ਰਮਵਾਰ 3 ਸਾਲ, 2 ਸਾਲ ਅਤੇ 2 ਸਾਲ ਲਗਾਤਾਰ ਇਨਾਮ ਦਿੱਤਾ ਜਾਂਦਾ ਹੈ।
- ਪ੍ਰਾਇਮਰੀ ਪੱਧਰ ਤੇ 500/- ਰੁਪਏ, ਮਿਡਲ ਪੱਧਰ ਤੇ 750/- ਰੁਪਏ ਅਤੇ ਹਾਇਰ ਸੈਕੰਡਰੀ ਪੱਧਰ ਤੇ 1000/- ਰੁਪਏ ਪ੍ਰਤੀ ਸਾਲ ਅਵਾਰਡ ਦਿੱਤਾ ਜਾਂਦਾ ਹੈ।
- ਸਾਲ 2015-16 ਦੌਰਾਨ 0.24 ਕਰੋੜ ਰੁਪਏ ਦੀ ਰਾਸ਼ੀ ਨਾਲ 3133 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 0.25 ਕਰੋੜ ਰੁਪਏ ਦੀ ਰਾਸ਼ੀ ਨਾਲ 3,200 ਵਿਦਿਆਰਥੀਆਂ ਨੂੰ ਕਵਰ ਕੀਤੇ ਜਾਣ ਦਾ ਟੀਚਾ ਹੈ।

## viii. ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੁਫਤ ਪਾਠ-ਪੁਸਤਕਾਂ ਸਪਲਾਈ ਕਰਨ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਾਲੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਦੀ ਵੰਡ ਵਿਦਿਅਕ ਸ਼ੈਸਨ ਦੇ ਸ਼ੁਰੂ ਵਿੱਚ ਸਰਵ-ਸਿੱਖਿਆ ਅਭਿਆਨ, ਸਿੱਖਿਆ ਵਿਭਾਗ ਦੇ ਅਧਿਕਾਰੀਆਂ ਰਾਹੀਂ ਕੀਤੀ ਜਾਂਦੀ ਹੈ।
- ਸਾਲ 2014-15 ਦੌਰਾਨ 15,76,818 ਵਿਦਿਆਰਥੀਆਂ ਨੂੰ 44.33 ਕਰੋੜ ਰੁਪਏ, ਸਾਲ 2015-16 ਦੌਰਾਨ 15,36,000 ਵਿਦਿਆਰਥੀਆਂ ਨੂੰ 48.75 ਕਰੋੜ ਰੁਪਏ ਅਤੇ ਸਾਲ 2016-17 ਦੌਰਾਨ ਲਗਭਗ 15,50,000 ਵਿਦਿਆਰਥੀਆਂ ਨੂੰ 50.00 ਕਰੋੜ ਰੁਪਏ ਦੀ ਲਾਗਤ ਦੀਆਂ ਪਾਠ ਪੁਸਤਕਾਂ ਸਪਲਾਈ ਕੀਤੀਆਂ ਗਈਆਂ।

## ix. ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਦੇ ਮਾਪੇ ਮਰੇ ਪਸ਼ੂਆਂ ਦੀ ਖੱਲ ਉਤਾਰਨ, ਚਮੜਾ ਰੰਗਣ, ਵੇਸਟ ਪਿਕਿੰਗ ਅਤੇ ਸਫਾਈ ਦਾ ਕੰਮ (ਜੋ ਰਵਾਇਤੀ ਸਕਵੈਂਜਿੰਗ ਨਾਲ ਸਬੰਧਤ ਹੋਵੇ) ਕਰਦੇ ਹੋਣ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ;
- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀ ਨੂੰ 110/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫਾ ਮਿਲਦਾ ਹੈ;
- ਸਾਲ ਵਿੱਚ ਇੱਕ ਵਾਰ 750/- ਰੁਪਏ ਪ੍ਰਤੀ ਵਿਦਿਆਰਥੀ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ;
- ਸਾਲ 2016-17 ਦੌਰਾਨ 1.25 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ। ਸਾਲ 2015-16 ਦੇ 5,474 ਅਤੇ ਸਾਲ 2016-17 ਦੇ 6,015 ਵਿਦਿਆਰਥੀਆਂ ਨੂੰ ਸਾਲ 2016-17 ਦੌਰਾਨ ਕਵਰ ਕਰਨ ਦਾ ਟੀਚਾ ਹੈ।

## x. ਅੱਪ-ਗਰੇਡੇਸ਼ਨ ਆਫ ਮੈਰਿਟ ਆਫ ਸ਼ਡਿਊਲਡ ਕਾਸਟਸ ਸਟੂਡੈਂਟਸ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਸਕੀਮ ਅਧੀਨ 9ਵੀਂ ਤੋਂ 12ਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਵਿਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਸਪੈਸ਼ਲ ਕੋਚਿੰਗ ਦਿਵਾਈ ਜਾਂਦੀ ਹੈ;
- ਸਕੀਮ ਦਾ ਮੰਤਵ ਵਿਦਿਆਰਥੀਆਂ ਦੀ ਵਿਦਿਅਕ ਕਮਜ਼ੋਰੀ ਨੂੰ ਦੂਰ ਕਰਕੇ ਪ੍ਰੋਫੈਸ਼ਨਲ ਕੋਰਸਾਂ ਅਤੇ ਉਚੇਰੀ ਸਿੱਖਿਆ ਵਿੱਚ ਦਾਖਲੇ ਲਈ ਤਿਆਰ ਕਰਨਾ ਹੈ;
- ਅਨੁਸੂਚਿਤ ਜਾਤੀਆਂ ਦੀ ਘੱਟ ਪੜ੍ਹੀ-ਲਿਖੀ ਅਬਾਦੀ ਵਾਲੇ ਇਲਾਕੇ ਨੂੰ ਤਰਜੀਹ ਦਿੱਤੀ ਜਾਣੀ ਹੈ;
- ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਖੁਰਾਕ ਵਾਸਤੇ 900/- ਰੁਪਏ ਪ੍ਰਤੀ ਵਿਦਿਆਰਥੀ, ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਕੁੱਲ 9000/- ਰੁਪਏ ਮਿਲਦੇ ਹਨ;
- 300/- ਰੁਪਏ ਪ੍ਰਤੀ ਵਿਦਿਆਰਥੀ, ਪ੍ਰਤੀ ਮਹੀਨਾ ਪਾਕੇਟ ਮਨੀ ਮਿਲਦੀ ਹੈ;
- ਕਿਤਾਬਾਂ ਅਤੇ ਸਟੇਸ਼ਨਰੀ ਆਦਿ ਲਈ ਸਲਾਨਾ ਯੱਕਮੁਸ਼ਤ 3000/- ਰੁਪਏ ਮਿਲਦੇ ਹਨ;
- ਵਿਸ਼ਾ ਮਾਹਿਰਾਂ ਅਤੇ ਪ੍ਰਿੰਸੀਪਲ ਨੂੰ ਕੁੱਲ 10,000/- ਰੁਪਏ ਪ੍ਰਤੀ ਮਹੀਨਾ ਮਾਣਭੱਤਾ ਦੇਣ ਦਾ ਉਪਬੰਧ ਹੈ;
- ਸਾਲ 2016-17 ਦੌਰਾਨ 0.71 ਕਰੋੜ ਰੁਪਏ ਦੀ ਰਾਸ਼ੀ ਨਾਲ 284 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਹੈ।

## xi. ਬਾਬੂ ਜਗਜੀਵਨ ਰਾਮ ਛਾਤਰਾਵਾਸ ਯੋਜਨਾ ਸਕੀਮ

- ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਜਾਂ ਯੂਨੀਵਰਸਿਟੀ ਵਿੱਚ ਅਨੁਸੂਚਿਤ ਜਾਤੀਆਂ ਦੇ ਪੜ੍ਹ ਰਹੇ ਲੜਕੇ ਅਤੇ ਲੜਕੀਆਂ ਨੂੰ ਰਿਹਾਇਸ਼ ਦੀ ਸੁਵਿਧਾ ਉਪਲਬੱਧ ਕਰਵਾਉਣ ਲਈ ਲੋੜਵੰਦ ਯੋਗ ਸੰਸਥਾ ਨੂੰ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;

- ਸਰਕਾਰੀ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਨਵੀਂ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
- ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਕੇਵਲ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਐਸਟੀਮੇਟ ਦਾ 90% ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ 10% ਸਬੰਧਤ ਸੰਸਥਾ ਵਲੋਂ ਕੰਟ੍ਰੀਬਿਊਟ ਕੀਤਾ ਜਾਂਦਾ ਹੈ;
- ਉਸਾਰੀ ਜਾਣ ਵਾਲੀ ਇਮਾਰਤ ਵਿੱਚ ਘੱਟੋ-ਘੱਟ 100 ਵਿਦਿਆਰਥੀਆਂ ਦੀ ਰਿਹਾਇਸ਼ ਦੀ ਵਿਵਸਥਾ ਹੋਵੇ;
- ਉਸਾਰੀ ਜਾਣ ਵਾਲੀ ਇਮਾਰਤ ਦਾ ਨਕਸ਼ਾ ਅਤੇ ਐਸਟੀਮੇਟ ਕਿਸੇ ਮਾਨਤਾ ਪ੍ਰਾਪਤ ਆਰਕੀਟੈਕਟ ਵਲੋਂ ਤਿਆਰ ਕੀਤਾ ਹੋਵੇ ਅਤੇ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਲੋਂ ਪ੍ਰਵਾਨਤ ਹੋਵੇ;
- ਸਾਲ 2014-15 ਦੌਰਾਨ 2.81 ਕਰੋੜ ਰੁਪਏ ਦੀ ਰਾਸ਼ੀ 03 ਵਿਦਿਅਕ ਸੰਸਥਾਵਾਂ ਲਈ ਜਾਰੀ ਕੀਤੀ ਗਈ। ਸਾਲ 2015-16 ਦੌਰਾਨ 1.45 ਕਰੋੜ ਰੁਪਏ ਦੀ ਰਾਸ਼ੀ 03 ਵਿਦਿਅਕ ਸੰਸਥਾਵਾਂ ਲਈ ਜਾਰੀ ਕੀਤੀ ਗਈ। ਸਾਲ 2016-17 ਦੌਰਾਨ 12.00 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ, ਜਿਸ ਵਿਚੋਂ 0.81 ਕਰੋੜ ਰੁਪਏ ਦੀ ਰਾਸ਼ੀ 02 ਸੰਸਥਾਵਾਂ ਨੂੰ ਦੂਜੀ ਕਿਸ਼ਤ ਵੱਜੋਂ ਜਾਰੀ ਕੀਤੀ ਜਾ ਚੁੱਕੀ ਹੈ।

## xii. ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੋਕੇਸ਼ਨਲ ਟ੍ਰੇਨਿੰਗ ਦੇਣ ਦੀ ਸਕੀਮ

- ਸਿਖਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਸਿਖਿਆਰਥੀ ਗਰੀਬ ਪਰਿਵਾਰ ਨਾਲ ਸਬੰਧਤ ਅਤੇ ਬੇ-ਰੁਜ਼ਗਾਰ ਹੋਵੇ;
- ਸਿਖਿਆਰਥੀ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿੱਚ ਐਸ.ਸੀ.ਵੀ.ਟੀ. ਅਧੀਨ ਪ੍ਰਵਾਨਤ ਟਰੇਡਾਂ ਵਿੱਚ ਟ੍ਰੇਨਿੰਗ ਦਿਵਾ ਕੇ ਸਵੈ-ਰੁਜ਼ਗਾਰ ਸ਼ੁਰੂ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਹੁਨਰਮੰਦ ਬਣਾਇਆ ਜਾਂਦਾ ਹੈ;
- ਮੁਫਤ ਟ੍ਰੇਨਿੰਗ ਦੇ ਨਾਲ-ਨਾਲ 750/- ਰੁਪਏ, ਪ੍ਰਤੀ ਮਹੀਨਾ, ਵਜ਼ੀਫਾ ਦਿੱਤਾ ਜਾਂਦਾ ਹੈ;
- ਸਾਲ 2014-15 ਦੌਰਾਨ 0.88 ਕਰੋੜ ਰੁਪਏ ਦੀ ਰਾਸ਼ੀ ਨਾਲ 160 ਸਿਖਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਦੌਰਾਨ 6.85 ਕਰੋੜ ਰੁਪਏ ਦੀ ਰਾਸ਼ੀ ਨਾਲ 2,352 ਯੁਵਕਾਂ ਨੂੰ ਟਰੇਨਿੰਗ ਦਿਵਾਈ ਗਈ। ਸਾਲ 2016-17 ਦੌਰਾਨ 7.00 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ।

## xiii. ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 - ਛੂਤ-ਛਾਤ ਦੂਰ ਕਰਨ ਅਤੇ ਅੱਤਿਆਚਾਰ ਰੋਕਥਾਮ ਐਕਟ-1989 ਤਹਿਤ ਅੱਤਿਆਚਾਰਾਂ ਤੋਂ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਕੀਮ

- **ਛੂਤ-ਛਾਤ ਦੂਰ ਕਰਨ ਦੀ ਸਕੀਮ**

- ਅੰਤਰ-ਜਾਤੀ ਵਿਆਹ ਕਰਾਉਣ ਵਾਲੇ ਜੋੜੇ (ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ) ਨੂੰ ਉਤਸ਼ਾਹਿਤ ਕਰਨ ਲਈ 50,000/- ਰੁਪਏ ਦਿੱਤੇ ਜਾਂਦੇ ਹਨ;
- ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਪੰਚਾਇਤਾਂ ਨੂੰ 25000/- ਰੁਪਏ ਪ੍ਰਤੀ ਪੰਚਾਇਤ ਵਿੱਤੀ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ;

- ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 ਦੇ ਉਪਬੰਧਾਂ ਬਾਰੇ ਆਮ ਜਨਤਾ ਨੂੰ ਜਾਣੂ ਕਰਵਾਉਣ ਲਈ ਬਲਾਕ ਪੱਧਰ ਤੇ ਸੈਮੀਨਾਰ, ਡਿਬੇਟਸ ਅਤੇ ਮਾਸਲੰਚ ਆਯੋਜਿਤ ਕਰਵਾਏ ਜਾਂਦੇ ਹਨ;
- ਸਾਲ 2016-17 ਦੌਰਾਨ 6.00 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ।

- **ਅੱਤਿਆਚਾਰ ਰੋਕਥਾਮ ਐਕਟ-1989**

- ਅਨੁਸੂਚਿਤ ਜਾਤੀਆਂ ਤੇ ਅੱਤਿਆਚਾਰ ਕਰਨ ਵਾਲੇ ਵਿਅਕਤੀਆਂ ਨੂੰ ਐਕਟ ਦੀਆਂ ਧਾਰਾਵਾਂ ਅਧੀਨ ਸਜ਼ਾ ਅਤੇ ਜੁਰਮਾਨਾ ਕਰਨ ਦਾ ਉਪਬੰਧ ਹੈ;
- ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਨਾ-ਖਾਣਯੋਗ ਜਾਂ ਘਿਰਣਾ ਯੋਗ ਪਦਾਰਥ ਖਾਣ ਜਾਂ ਅਜਿਹਾ ਕੰਮ ਕਰਨ ਲਈ ਮਜਬੂਰ ਕਰਨ, ਬਲਪੂਰਵਕ ਉਸ ਦੇ ਘਰ, ਜ਼ਮੀਨ ਤੋਂ ਬੇ-ਦਖਲ ਕਰਨ, ਵੋਟ ਪਾਉਣ ਤੋਂ ਰੋਕਣ, ਝੂਠੀ ਗਵਾਹੀ ਪਵਾਉਣ ਜਾਂ ਜਾਨੀ ਨੁਕਸਾਨ ਪਹੁੰਚਾਉਣ ਵਾਲੇ ਅਜਿਹੇ ਵਿਅਕਤੀਆਂ ਨੂੰ ਐਕਟ ਤਹਿਤ ਸਜ਼ਾ ਸਮੇਤ ਜੁਰਮਾਨਾ ਕਰਨ ਦੀ ਵਿਵਸਥਾ ਹੈ;
- ਐਕਟ ਦੇ ਉਪਬੰਧਾਂ ਅਨੁਸਾਰ ਮੋਨੀਟਰਿੰਗ ਕਰਨ ਲਈ ਰਾਜ ਪੱਧਰੀ ਹਾਈ ਪਾਵਰਡ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਵਿਜ਼ੀਲੈਂਸ ਤੇ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਹੋਇਆ ਹੈ।

## II. ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਕੀਮਾਂ

### i. ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- 10+1 ਤੋਂ ਉੱਪਰ ਪੀ.ਐਚ.ਡੀ. ਜਾਂ ਮੈਡੀਕਲ/ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 1.00 ਲੱਖ ਤੋਂ ਵੱਧ ਨਾ ਹੋਵੇ;
- ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ (Non-refundable compulsory fee) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ। ਕੋਰਸ ਦੇ ਗਰੁੱਪ ਮੁਤਾਬਿਕ ਹੋਸਟਲਰ ਨੂੰ 260/- ਤੋਂ 750/- ਰੁਪਏ ਅਤੇ ਡੇ-ਸਕਾਲਰ ਨੂੰ 160/- ਤੋਂ 350/- ਰੁਪਏ ਪ੍ਰਤੀ ਮਹੀਨਾ ਮੇਨਟੇਨੈਂਸ ਅਲਾਊਂਸ ਦਿੱਤਾ ਜਾਂਦਾ ਹੈ;
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਉਪਬੰਧ ਹੈ;
- ਸਾਲ 2016-17 ਦੌਰਾਨ 80.00 ਕਰੋੜ ਰੁਪਏ ਦੀ ਰਾਸ਼ੀ ਦਾ ਬਜ਼ਟ ਉਪਬੰਧ ਹੈ।

### ii. ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 44,500/- ਰੁਪਏ ਤੋਂ ਵੱਧ ਨਾ ਹੋਵੇ;

- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਪਹਿਲੀ ਤੋਂ ਪੰਜਵੀਂ ਜਮਾਤ ਤੱਕ 25/- ਰੁਪਏ; ਛੇਵੀ ਤੋਂ ਅੱਠਵੀਂ ਜਮਾਤ ਤੱਕ 40/- ਰੁਪਏ ਅਤੇ ਨੌਂਵੀਂ ਤੋਂ ਦਸਵੀਂ ਜਮਾਤ ਤੱਕ 50/- ਰੁਪਏ, ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫਾ ਮਿਲਦਾ ਹੈ;
- ਸਾਲ ਵਿੱਚ ਇੱਕ ਵਾਰ 500/- ਰੁਪਏ, ਪ੍ਰਤੀ ਵਿਦਿਆਰਥੀ, ਐਡਹਾਕ ਗਰਾਂਟ ਦਿੱਤੀ ਜਾਂਦੀ ਹੈ;
- ਸਾਲ 2014-15 ਦੌਰਾਨ 12.03 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 1,74,155 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਲਈ 12.77 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ 2,05,741 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 21.80 ਕਰੋੜ ਰੁਪਏ ਦੀ ਰਾਸ਼ੀ ਦਾ ਬਜਟ ਉਪਬੰਧ ਹੈ, ਜਿਸ ਨਾਲ 2,05,741 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਹੈ।

### iii. ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਦੇਣ ਦੀ ਸਕੀਮ

- ਵਿਦਿਆਰਥਣ ਪੱਛੜੀਆਂ ਸ਼੍ਰੇਣੀਆਂ ਜਾਂ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਵਿਦਿਆਰਥਣ ਦੀ ਹਾਜ਼ਰੀ ਘੱਟੋ-ਘੱਟ 75% ਹੋਵੇ;
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫਾ ਦਿੱਤਾ ਜਾਵੇਗਾ।
- ਸਾਲ 2014-15 ਦੌਰਾਨ 1.48 ਕਰੋੜ ਰੁਪਏ ਦੀ ਰਾਸ਼ੀ ਨਾਲ 29,607 ਵਿਦਿਆਰਥਣਾਂ ਨੂੰ ਲਾਭ ਦਿੱਤਾ ਗਿਆ। ਸਾਲ 2015-16 ਦੌਰਾਨ 0.77 ਕਰੋੜ ਰੁਪਏ ਦੀ ਰਾਸ਼ੀ ਨਾਲ 15,343 ਵਿਦਿਆਰਥਣਾਂ ਨੂੰ ਲਾਭ ਦਿੱਤਾ ਗਿਆ। ਸਾਲ 2016-17 ਦੌਰਾਨ 1.00 ਕਰੋੜ ਰੁਪਏ ਦੀ ਰਾਸ਼ੀ ਨਾਲ 20,000 ਵਿਦਿਆਰਥਣਾਂ ਨੂੰ ਕਵਰ ਕਰਨ ਦਾ ਟੀਚਾ ਹੈ।

## III. ਘੱਟ ਗਿਣਤੀ ਵਰਗ ਦੀ ਭਲਾਈ ਲਈ ਸਕੀਮਾਂ

ਭਾਰਤ ਸਰਕਾਰ ਵੱਲੋਂ ਸਿੱਖ, ਮੁਸਲਮਾਨ, ਕ੍ਰਿਸਚਿਅਨ, ਬੋਧੀ, ਪਾਰਸੀ ਅਤੇ ਜੈਨ ਘੱਟ ਗਿਣਤੀ ਵਰਗ ਘੋਸ਼ਿਤ ਕੀਤੇ ਗਏ ਹਨ।

### i. ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- 30% ਵਜ਼ੀਫੇ ਲੜਕੀਆਂ ਲਈ ਰਾਖਵੇਂ ਹਨ;
- ਵਿਦਿਆਰਥੀ ਦੀ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ;
- ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ;

- ਵਜ਼ੀਫੇ ਦੀ ਸਾਲਾਨਾ ਦਰ 1000/- ਤੋਂ 10700/-ਰੁਪਏ ਤੱਕ ਹੈ ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਤੇ ਮੈਨਟੇਨੈਂਸ ਅਲਾਊਂਸ ਸ਼ਾਮਲ ਹਨ।
- ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਡਾਇਰੈਕਟ ਬੈਨੀਫਿੱਟ ਟਰਾਂਸਫਰ ਮੋਡ ਰਾਹੀਂ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ।

### ii. ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.00 ਲੱਖ ਤੋਂ ਵੱਧ ਨਾ ਹੋਵੇ;
- 30% ਵਜ਼ੀਫੇ ਲੜਕੀਆਂ ਲਈ ਰਾਖਵੇਂ ਹਨ:
- ਵਿਦਿਆਰਥੀ ਦੀ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ:
- ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ:
- ਵਜ਼ੀਫੇ ਦੀ ਦਰ 5500/- ਤੋਂ 13800/- ਰੁਪਏ ਸਾਲਾਨਾ ਤੱਕ ਹੈ ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਅਤੇ ਮੈਨਟੇਨੈਂਸ ਅਲਾਊਂਸ ਸ਼ਾਮਲ ਹਨ।
- ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਡਾਇਰੈਕਟ ਬੈਨੀਫਿੱਟ ਟਰਾਂਸਫਰ ਮੋਡ ਰਾਹੀਂ ਭਾਰਤ ਸਰਕਾਰ ਵਲੋਂ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ।

### iii. ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਮੈਰਿਟ-ਕਮ-ਮੀਨਜ ਬੇਸਡ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਾ ਹੋਵੇ;
- ਵਿਦਿਆਰਥੀ ਦੀ ਪਿਛਲੀ ਪਾਸ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ;
- ਵਜ਼ੀਫਾ ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਦਿੱਤਾ ਜਾਂਦਾ ਹੈ;
- ਵਜ਼ੀਫੇ ਦੀ ਸਾਲਾਨਾ ਦਰ 25,000/- ਤੋਂ 30,000/- ਰੁਪਏ ਤੱਕ ਹੈ। ਜਿਹੜਾ ਵਿਦਿਆਰਥੀ ਨੈਸ਼ਨਲ ਲੈਵਲ ਸੰਸਥਾਵਾਂ (National level Institutions such as IITs, IIMs, AIMS, PGI etc) ਵਿੱਚ ਪੜਦਾ ਹੈ, ਉਸਨੂੰ ਕੋਰਸ ਦੀ ਪੂਰੀ ਫੀਸ ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ।
- ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਡਾਇਰੈਕਟ ਬੈਨੀਫਿੱਟ ਟਰਾਂਸਫਰ ਮੋਡ ਰਾਹੀਂ ਭਾਰਤ ਸਰਕਾਰ ਵਲੋਂ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ।

## ਵਧੇਰੇ ਜਾਣਕਾਰੀ ਲਈ

**Visit website :** www.welfarepunjab.gov.in

**To apply for scholarship online under;**

Post Matric Scholarship for SCs and
Post Matric Scholarship for OBCs schemes
Visit Portal: www.punjabscholarships.gov.in

Post Matric Scholarship for Minorities and
Merit-cum-Means Based Scholarship for Minorities
Visit Portal: www.momascholarship.gov.in

**ਮਿਲਣ ਵਾਲੇ ਲਾਭਾਂ ਸਬੰਧੀ ਲਾਭਪਾਤਰੀਆਂ ਨੂੰ ਸਰਕਾਰ ਵਲੋਂ ਐਸ.ਐਮ.ਐਸ. ਰਾਹੀਂ ਵੀ ਸੂਚਿਤ ਕੀਤਾ ਜਾਂਦਾ ਹੈ।**

## ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਦੇ ਅਧਿਕਾਰੀਆਂ ਦੇ ਨਾਮ ਅਤੇ ਸੰਪਰਕ ਨੰਬਰ

| ਲੜੀ ਨੰਬਰ | ਅਧਿਕਾਰੀ ਦਾ ਨਾਮ | ਅਹੁਦਾ | ਟੈਲੀਫੋਨ/ ਮੋਬਾਇਲ ਨੰਬਰ |
|---|---|---|---|
| 1. | ਦਿਪਰਾਵਾ ਲਾਕਰਾ, ਆਈ.ਏ.ਐਸ. | ਡਾਇਰੈਕਟਰ | 0172-2600588<br>82928-14001 |
| 2. | ਸ੍ਰੀਮਤੀ ਬਿੰਦੂ ਵਾਲੀਆ | ਵਧੀਕ ਡਾਇਰੈਕਟਰ | 0172-2605454<br>98881-66008 |
| 3. | ਸ੍ਰੀ ਜਸਮੇਰ ਸਿੰਘ | ਉੱਪ ਕੰਟਰੋਲਰ (ਵਿੱਤ ਤੇ ਲੇਖਾ) | 0172-2604607<br>98882-88115 |
| 4. | ਸ੍ਰੀਮਤੀ ਅੰਜਨਾ ਸੰਧੂ | ਡਿਪਟੀ ਡਾਇਰੈਕਟਰ | 0172-2602912, 36<br>94641-22163 |
| 5. | ਸ੍ਰੀ ਪੀ.ਐਸ. ਗਿਲ | ਡਿਪਟੀ ਡਾਇਰੈਕਟਰ, ਵਾਧੂ ਚਾਰਜ | 0172-5015854<br>94636-90909 |
| 6. | ਸ੍ਰੀ ਜਸਵਿੰਦਰ ਗਿਲ | ਡਿਪਟੀ ਡਾਇਰੈਕਟਰ, ਵਾਧੂ ਚਾਰਜ | 0172-2602912, 44<br>99881-10456 |

# ਜ਼ਿਲ੍ਹਾ ਭਲਾਈ ਅਧਿਕਾਰੀਆਂ ਦੇ ਦਫਤਰਾਂ ਦਾ ਪਤਾ

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਦਫਤਰ ਦਾ ਪਤਾ | ਟੈਲੀਫੋਨ/ ਮੋਬਾਇਲ/ ਈ-ਮੇਲ ਅਡਰੈਸ |
|---|---|---|---|
| 1. | ਜ਼ਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ | ਡਾ:ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਪਿੰਗਲਵਾੜਾ, ਤਹਿਸ਼ੀਲਪੁਰਾ, ਅੰਮ੍ਰਿਤਸਰ | 0183-2583166<br>98157-17545<br>dwoamritsar@gmail.com |
| 2. | ਜ਼ਿਲ੍ਹਾ ਭਲਾਈ ਅਫਸਰ, ਬਠਿੰਡਾ | ਡਾ:ਬੀ.ਆਰ.ਅੰਬੇਦਕਰ ਭਵਨ, ਪਾਵਰ ਹਾਊਸ ਰੋਡ, ਬਠਿੰਡਾ | 0164-2211915<br>75084-53011<br>bathindadwo@gmail.com |
| 3. | ਜ਼ਿਲ੍ਹਾ ਭਲਾਈ ਅਫਸਰ, ਬਰਨਾਲਾ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਨੇੜੇ ਕਚਿਹਰੀ ਰੋਡ, ਬਰਨਾਲਾ | 97798-16600<br>dwobarnala@gmail.com |
| 4. | ਜ਼ਿਲ੍ਹਾ ਭਲਾਈ ਅਫਸਰ, ਫਰੀਦਕੋਟ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਮਿੰਨੀ ਸਕੱਤਰੇਤ, ਫਰੀਦਕੋਟ | 01639-250766<br>98150-88806<br>.dwofdk@gmail.com |
| 5. | ਜ਼ਿਲ੍ਹਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ.ਕੰਪਲੈਕਸ, ਸਾਹਮਣੇ ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ | 01763-232818<br>98780-16152<br>dwofgs@gmail.com |
| 6. | ਜ਼ਿਲ੍ਹਾ ਭਲਾਈ ਅਫਸਰ, ਫਾਜ਼ਿਲਕਾ | ਗੰਜੂ ਹਸਤਾ ਰੋਡ, ਨੇੜੇ ਡਾ: ਸਵਿੰਦਰ ਅੱਖਾਂ ਦਾ ਹਸਪਤਾਲ, ਫਾਜ਼ਿਲਕਾ | 98775-00027<br>dwofazilka160@gmail.com |
| 7. | ਜ਼ਿਲ੍ਹਾ ਭਲਾਈ ਅਫਸਰ, ਫਿਰੋਜ਼ਪੁਰ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਮਾਰਕਫੈੱਡ ਦਫਤਰ, ਮਾਨਾਵਾਲ ਰੋਡ, ਫਿਰੋਜ਼ਪੁਰ | 01632-220133<br>75080-15055<br>dwoferozepur@gmail.com |
| 8. | ਜ਼ਿਲ੍ਹਾ ਭਲਾਈ ਅਫਸਰ, ਗੁਰਦਾਸਪੁਰ | ਡਾ:ਬੀ.ਆਰ.ਅੰਬੇਦਕਰ ਭਵਨ, ਰੇਲਵੇ ਰੋਡ, ਨਜ਼ਦੀਕ ਪੰਜ ਪੀਰ, ਗੁਰਦਾਸਪੁਰ | 01874-220896<br>99153-65757<br>dwogurdaspur@gmail.com |
| 9. | ਜ਼ਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ. ਦਫਤਰ, ਹੁਸ਼ਿਆਰਪੁਰ | 01882-237579<br>94651-00049<br>dwohsp@gmail.com |
| 10. | ਜ਼ਿਲ੍ਹਾ ਭਲਾਈ ਅਫਸਰ, ਜਲੰਧਰ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ, ਮਾਸਟਰ ਤਾਰਾ ਸਿੰਘ ਨਗਰ, ਲਾਡੋਵਾਲੀ ਰੋਡ, ਜਲੰਧਰ | 0181-2225757<br>94172-02323<br>dwojalandhar@gmail.com |
| 11. | ਜ਼ਿਲ੍ਹਾ ਭਲਾਈ ਅਫਸਰ, ਕਪੂਰਥਲਾ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਦੇਵੀ ਤਲਾਬ ਮੰਦਿਰ, ਕਪੂਰਥਲਾ | 01822-232062<br>98723-37870<br>dwokapurthala@gmail.com |
| 12. | ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ | ਡਾ:ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਡੀ.ਸੀ. ਦਫਤਰ, | 0161-2422255<br>98141-92641 |

| ਲੜੀ ਨੰਬਰ | ਜ਼ਿਲ੍ਹੇ ਦਾ ਨਾਂ | ਦਫਤਰ ਦਾ ਪਤਾ | ਟੈਲੀਫੋਨ/ ਮੋਬਾਇਲ/ ਈ-ਮੇਲ ਅਡਰੈਸ |
|---|---|---|---|
| | | ਲੁਧਿਆਣਾ | dwoludhiana@gmail.com |
| 13. | ਜ਼ਿਲ੍ਹਾ ਭਲਾਈ ਅਫਸਰ, ਮਾਨਸਾ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ.ਕੰਪਲੈਕਸ, ਮਾਨਸਾ | 01652-229090<br>99142-50088<br>dwomansa@gmail.com |
| 14. | ਜ਼ਿਲ੍ਹਾ ਭਲਾਈ ਅਫਸਰ, ਮੋਗਾ | ਡਾ:ਬੀ.ਆਰ.ਅੰਬੇਦਕਰ ਭਵਨ, ਫਿਰੋਜ਼ਪਰ ਰੋਡ, ਮੋਗਾ | 01636-238113<br>98559-83714.<br>dwomoga@gmail.com |
| 15. | ਜ਼ਿਲ੍ਹਾ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ | ਡਾ:ਅੰਬੇਦਕਰ ਭਵਨ, ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ | 01633-268847<br>94179-33324<br>dwomuktsar@gmail.com |
| 16. | ਜ਼ਿਲ੍ਹਾ ਭਲਾਈ ਅਫਸਰ, ਪਟਿਅਲਾ | ਡਾ:ਬੀ.ਆਰ.ਅੰਬੇਦਕਰ ਭਵਨ, ਨੇੜੇ ਪਾਲਿਟੈਕਨਿਕ ਕਾਲਜ ਫਾਰ ਗਰਲਜ, ਪਟਿਆਲਾ | 0175-2370574<br>94636-90909<br>dwopatiala@gmail.com |
| 17. | ਜ਼ਿਲ੍ਹਾ ਭਲਾਈ ਅਫਸਰ, ਪਠਾਨਕੋਟ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਨੇੜੇ ਇੰਮਪਰੂਵਮੈਂਟ ਟਰੱਸਟ, ਪਠਾਨਕੋਟ | 86995-51603<br>dwopathankot123@gmail.com |
| 18. | ਜ਼ਿਲ੍ਹਾ ਭਲਾਈ ਅਫਸਰ, ਰੂਪਨਗਰ | ਡਾ:ਬੀ.ਆਰ.ਅੰਬੇਦਕਰ ਭਵਨ, ਗਿਆਨੀ ਜ਼ੈਲ ਸਿੰਘ ਨਗਰ, ਰੂਪਨਗਰ | 01881-220519<br>98156-66455<br>dworopar@gmail.com |
| 19. | ਜ਼ਿਲ੍ਹਾ ਭਲਾਈ ਅਫਸਰ, ਸੰਗਰੂਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡਾਈਟ, ਪਟਿਆਲਾ ਗੇਟ, ਸੰਗਰੂਰ | 01672-234379<br>98159-35099<br>dwosangrur@gmail.com |
| 20. | ਜ਼ਿਲ੍ਹਾ ਭਲਾਈ ਅਫਸਰ, ਐਸ.ਏ.ਐਸ. ਨਗਰ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਡੀ.ਸੀ. ਕੰਪਲੈਕਸ, ਦੂਜੀ ਮੰਜਿਲ, ਫੇਜ਼-1, ਐਸ.ਏ.ਐਸ. ਨਗਰ | 0172-5044516<br>99881-10456<br>dwosas@gmail.com |
| 21. | ਜ਼ਿਲ੍ਹਾ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ | ਡਾ: ਬੀ.ਆਰ.ਅੰਬੇਦਕਰ ਭਵਨ, ਗੁੱਜਰਪੁਰ ਰੋਡ, ਨੇੜੇ ਰੇਲਵੇ ਲਾਈਨ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) | 98550-11188<br>dwosbsn@gmail.com |
| 22. | ਜ਼ਿਲ੍ਹਾ ਭਲਾਈ ਅਫਸਰ, ਤਰਨੰਤਾਰਨ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਗਲੀ ਵਾਲੀਆ ਵਾਲੀ, ਸਾਹਮਣੇ ਸਿਵਲ ਹਸਪਤਾਲ, ਤਰਨਤਾਰਨ | 98146-70010<br>dwotarntaran@gmail.com |

## IV. ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਫੇਜ਼ 3ਬੀ-2, ਐਸ.ਏ.ਐਸ. ਨਗਰ (ਮੋਹਾਲੀ)

ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ, ਰਾਜ ਸਰਕਾਰ, ਪਬਲਿਕ ਸੈਕਟਰ ਅੰਡਰਟੇਕਿੰਗ ਅਤੇ ਬੈਂਕਾਂ ਆਦਿ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਪ੍ਰਤਿਨਿਧਤਾ ਪੂਰੀ ਕਰਨ ਦੇ ਮਕਸਦ ਨਾਲ ਸਾਲ 1986-87 ਦੌਰਾਨ ਇਸ ਸੰਸਥਾ ਦੀ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸਥਾਪਨਾ ਕੀਤੀ ਗਈ ਸੀ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ, ਨੂੰ ਇਸ ਸੰਸਥਾ ਵਿੱਚ ਆਈ.ਏ.ਐਸ., ਪੀ.ਸੀ.ਐਸ., ਪੀ.ਓ., ਬੈਂਕਿੰਗ ਸਰਵਿਸਿਜ਼, ਐਲ.ਆਈ.ਸੀ., ਪੀ.ਐਮ.ਟੀ., ਸੀ.ਈ.ਟੀ., ਸਹਾਇਕ ਗਰੇਡ ਅਤੇ ਗਰੁੱਪ-ਏ ਤੇ ਗਰੁੱਪ-ਬੀ ਸੇਵਾਵਾਂ ਸਬੰਧੀ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.), ਰਾਜ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਲਏ ਜਾਣ ਵਾਲੇ ਇਮਤਿਹਾਨਾਂ ਆਦਿ ਲਈ ਪੂਰਵ-ਇਮਤਿਹਾਨ ਕੋਚਿੰਗ ਦਿੱਤੀ ਜਾਂਦੀ ਹੈ। ਇਸ ਸੰਸਥਾ ਵਿੱਚ ਸਿਖਿਆਰਥੀਆਂ ਲਈ ਹੋਸਟਲ ਦੀ ਸੁਵਿਧਾ ਵੀ ਉਪਲੱਬਧ ਹੈ। ਸਕੀਮ ਦਾ ਦਾਇਰਾ ਵਧਾ ਕੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਿਖਿਆਰਥੀਆਂ ਨੂੰ ਵੀ ਕੋਚਿੰਗ ਦਾ ਲਾਭ ਦਿੱਤਾ ਜਾ ਰਿਹਾ ਹੈ।

ਸਾਲ 2014-15 ਦੌਰਾਨ 0.76 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ 124 ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ। ਸਾਲ 2015-16 ਦੌਰਾਨ 0.65 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ 156 ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ। ਸਾਲ 2016-17 ਦੌਰਾਨ 0.95 ਕਰੋੜ ਰੁਪਏ ਦਾ ਬਜਟ ਉਪਬੰਧ ਹੈ, ਜਿਸ ਵਿਚੋਂ 0.06 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਇਸ ਸੰਸਥਾਂ ਵਿਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਅੰਗਰੇਜੀ ਅਤੇ ਪੰਜਾਬੀ ਭਾਸ਼ਾ ਵਿਚ ਟਾਈਪਿੰਗ ਅਤੇ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਸਬੰਧੀ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਤਹਿਤ ਨਿਪੁੰਨਤਾ ਵਿਕਾਸ ਸਕੀਮ ਦਾ ਇੱਕ ਸੈਂਟਰ ਵੀ ਚਲਾਇਆ ਜਾ ਰਿਹਾ ਹੈ। ਇਸ ਸਕੀਮ ਹੇਠ ਇਸ ਸੰਸਥਾ ਵਿਚ ਤਿੰਨ ਸਟੈਨੋਗ੍ਰਾਫੀ ਇੰਸਟਰਕਟਰ, ਇੱਕ ਸੀਨੀਅਰ ਸਹਾਇਕ ਅਤੇ ਇੱਕ ਚੌਕੀਦਾਰ ਕੰਮ ਕਰ ਰਹੇ ਹਨ।

**ਸੰਸਥਾ ਦੇ ਅਧਿਕਾਰੀਆਂ ਨਾਲ ਸੰਪਰਕ ਦਾ ਵੇਰਵਾ**

| ਲੜੀ ਨੰ: | ਅਧਿਕਾਰੀ ਦਾ ਨਾਮ | ਅਹੁਦਾ | ਫੋਨ/ਮੋਬਾਇਲ ਨੰ: |
|---|---|---|---|
| 1 | ਸ੍ਰੀਮਤੀ ਰਾਜਵਿੰਦਰ ਕੌਰ ਮਿਨਹਾਸ | ਪ੍ਰਿੰਸੀਪਲ | 0172-2228396<br>9814011030 |
| 2 | ਸ੍ਰੀ ਸੰਜੇ ਗੁਲਾਟੀ | ਐਸੋਸੀਏਟ ਪ੍ਰੋਫੈਸਰ | 0172-2228396<br>9463205954 |

## V. ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ, ਐਸ.ਸੀ.ਓ ਨੰ: 101-103, ਸੈਕਟਰ 17-ਸੀ, ਚੰਡੀਗੜ੍ਹ

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਾਲ 1970 ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਗਈ ਸੀ।

ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਬੈਂਕ ਟਾਈ-ਅੱਪ ਸਕੀਮ ਅਧੀਨ ਸਵੈ-ਰੁਜ਼ਗਾਰ ਕੰਮਾਂ ਲਈ ਕਰਜਾ ਪ੍ਰਾਪਤ ਕਰ ਸਕਦੇ ਹਨ, ਜਿਸ ਵਿੱਚੋਂ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬਸਿਡੀ ਦਿੱਤੀ ਜਾਂਦੀ ਹੈ। ਸਾਲ 2015-16 ਦੌਰਾਨ ਸਕੀਮ ਹੇਠ 2291 ਲਾਭਪਾਤਰੀਆਂ ਨੂੰ 1176.93 ਲੱਖ ਰੁਪਏ (947.83 ਲੱਖ ਰੁਪਏ ਕਰਜਾ ਅਤੇ 229.10 ਲੱਖ ਰੁਪਏ ਸਬਸਿਡੀ) ਦੀ ਰਕਮ ਵੰਡੀ ਗਈ ਹੈ। ਸਾਲ 2016-17 ਦੌਰਾਨ 1750.00 ਲੱਖ ਰੁਪਏ (1250.00 ਲੱਖ ਰੁਪਏ ਕਰਜਾ ਅਤੇ 500.00 ਲੱਖ ਰੁਪਏ ਸਬਸਿਡੀ) ਦੀ ਰਾਸ਼ੀ ਨਾਲ 5,000 ਲਾਭਪਾਤਰੀਆਂ ਨੂੰ ਕਵਰ ਕਰਨ ਦਾ ਟੀਚਾ ਹੈ। ਮਿਤੀ 30.4.2016 ਤੱਕ 209 ਲਾਭਪਾਤਰੀਆਂ ਨੂੰ 50.30 ਲੱਖ ਰੁਪਏ (29.40 ਲੱਖ ਰੁਪਏ ਕਰਜਾ ਅਤੇ 20.90 ਲੱਖ ਰੁਪਏ ਸਬਸਿਡੀ) ਦੀ ਰਕਮ ਵੰਡੀ ਜਾ ਚੁੱਕੀ ਹੈ।

ਡਾਇਰੈਕਟ ਲੈਂਡਿੰਗ ਸਕੀਮ ਅਧੀਨ ਕਾਰਪੋਰੇਸ਼ਨ ਵਲੋਂ 0.8% ਵਿਆਜ਼ ਦੀ ਦਰ ਨਾਲ 5 ਲੱਖ ਰੁਪਏ ਤੱਕ ਕਰਜਾ ਦਿੱਤਾ ਜਾਂਦਾ ਹੈ ਤੇ ਜ਼ਮੀਨ ਖਰੀਦਣ ਲਈ 20 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾ ਸਕਦਾ ਹੈ। ਬੇ-ਰੋਜ਼ਗਾਰ ਨੌਜਵਾਨਾਂ ਵਾਸਤੇ ਆਮਦਨ ਦੀ ਕੋਈ ਸੀਮਾ ਨਿਸ਼ਚਿਤ ਨਹੀਂ, ਬਾਕੀ ਲਈ ਆਮਦਨ ਹੱਦ 1.00 ਲੱਖ ਰੁਪਏ ਸਲਾਨਾ ਹੈ। ਸਾਲ 2015-16 ਦੌਰਾਨ ਸਕੀਮ ਹੇਠ 573 ਲਾਭਪਾਤਰੀਆਂ ਨੂੰ 846.79 ਲੱਖ ਰੁਪਏ ਦੀ ਰਕਮ ਵੰਡੀ ਗਈ ਹੈ। ਸਾਲ 2016-17 ਦੌਰਾਨ 500 ਲਾਭਪਾਤਰੀਆਂ ਨੂੰ 1063.00 ਲੱਖ ਰੁਪਏ ਦੀ ਰਕਮ ਵੰਡਣ ਦਾ ਟੀਚਾ ਹੈ। ਮਿਤੀ 30.4.2016 ਤੱਕ 27 ਲਾਭਪਾਤਰੀਆਂ ਨੂੰ 38.43 ਲੱਖ ਰੁਪਏ ਦੀ ਰਕਮ ਵੰਡੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਨੈਸ਼ਨਲ ਪੱਧਰ ਦੀਆਂ ਹੇਠ ਲਿਖੀਆਂ ਤਿੰਨ ਕਾਰਪੋਰੇਸ਼ਨਾਂ ਦੀਆਂ ਸਕੀਮਾਂ ਲਾਗੂ ਕਰਨ ਲਈ ਇਸ ਕਾਰਪੋਰੇਸ਼ਨ ਨੂੰ ਨੋਡਲ ਏਜੰਸੀ ਨਾਮਜ਼ਦ ਕੀਤਾ ਹੋਇਆ ਹੈ:

- **ਨੈਸ਼ਨਲ ਸ਼ਡਿਊਲਡ ਕਾਸਟਸ ਫਾਈਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ (ਐਨ.ਐਸ.ਐਫ.ਡੀ.ਸੀ.)** ਦੀ ਸਹਾਇਤਾ ਨਾਲ ਸਮਾਲ ਸਕੇਲ **ਇੰਡਸਟਰੀ, ਛੋਟੇ ਬਿਜ਼ਨੈਸ,** ਖੇਤੀਬਾੜੀ, ਛੋਟੇ-ਮੋਟੇ ਕੰਮ ਸ਼ੁਰੂ ਕਰਨ ਅਤੇ ਪੜ੍ਹਾਈ ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਦੀ ਆਮਦਨ ਸੀਮਾ ਤੋਂ ਦੁੱਗਣੀ ਆਮਦਨ ਵਾਲੇ ਵਿਅਕਤੀਆਂ ਨੂੰ 30 ਲੱਖ ਰੁਪਏ ਤੱਕ

ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ 5 ਲੱਖ ਤੱਕ 6% ਅਤੇ ਇਸ ਤੋਂ ਵੱਧ ਕਰਜ਼ਾ 10% ਤੱਕ ਸਲਾਨਾ ਵਿਆਜ਼ ਦਰ ਤੇ ਦਿੱਤਾ ਜਾਂਦਾ ਹੈ।ਸਾਲ 2015-16 ਦੌਰਾਨ ਸਕੀਮ ਹੇਠ 19 ਲਾਭਪਾਤਰੀਆਂ ਨੂੰ 19.48 ਲੱਖ ਰੁਪਏ ਦੀ ਰਕਮ ਵੰਡੀ ਗਈ ਹੈ। ਸਾਲ 2016-17 ਦੌਰਾਨ 500 ਲਾਭਪਾਤਰੀਆਂ ਨੂੰ 750.00 ਲੱਖ ਰੁਪਏ ਦੀ ਰਕਮ ਵੰਡਣ ਦਾ ਟੀਚਾ ਹੈ।

- **ਨੈਸ਼ਨਲ ਸਫਾਈ ਕਰਮਚਾਰੀਜ਼ ਫਾਈਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ (ਐਨ.ਐਸ.ਕੇ.ਐਫ.ਡੀ.ਸੀ.)** ਰਾਹੀਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਡੇਅਰੀ ਫਾਰਮਿੰਗ, ਖਾਣ-ਪੀਣ ਤੇ ਸਬਜ਼ੀ ਦੀ ਰੇਹੜ੍ਹੀ, ਆਟੋ-ਮੋਬਾਇਲ ਦੀ ਮੁਰੰਮਤ ਦੀ ਦੁਕਾਨ ਅਤੇ ਸਾਈਕਲ ਮੁਰੰਮਤ ਆਦਿ ਲਈ 6% ਵਿਆਜ਼ ਦਰ ਨਾਲ ਕਰਜ਼ੇ ਦਿੱਤੇ ਜਾਂਦੇ ਹਨ।ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਕਰਜ਼ਾ ਪ੍ਰਾਪਤ ਕਰਨ ਲਈ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ। ਸਾਲ 2015-16 ਦੌਰਾਨ ਸਕੀਮ ਹੇਠ 24 ਲਾਭਪਾਤਰੀਆਂ ਨੂੰ 20.47 ਲੱਖ ਰੁਪਏ ਦੀ ਰਕਮ ਵੰਡੀ ਗਈ ਹੈ। ਸਾਲ 2016-17 ਦੌਰਾਨ 200 ਲਾਭਪਾਤਰੀਆਂ ਨੂੰ 200.00 ਲੱਖ ਰੁਪਏ ਦੀ ਰਕਮ ਵੰਡਣ ਦਾ ਟੀਚਾ ਹੈ।
- **ਨੈਸ਼ਨਲ ਹੈਂਡੀਕੈਪਡ ਫਾਈਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ (ਐਨ.ਐਚ.ਐਫ.ਡੀ.ਸੀ.)** ਦੀਆਂ ਸਕੀਮਾਂ ਅਧੀਨ 40% ਜਾਂ ਇਸ ਤੋਂ ਵੱਧ ਅੰਗਹੀਣ ਵਿਅਕਤੀਆਂ ਨੂੰ ਜਨਰਲ ਪ੍ਰੋਵੀਜ਼ਨ ਸਟੋਰ, ਜੁੱਤੀਆਂ ਦੀ ਦੁਕਾਨ, ਰੈਡੀਮੇਡ ਗਾਰਮੈਂਟਸ ਅਤੇ ਸਟੇਸ਼ਨਰੀ ਆਦਿ ਲਈ ਕਰਜ਼ੇ ਦਿੱਤੇ ਜਾਂਦੇ ਹਨ। ਕੋਈ ਆਮਦਨ ਹੱਦ ਨਿਸ਼ਚਿਤ ਨਹੀਂ, ਪਰ 90% ਲਾਭਪਾਤਰੀ 5 ਲੱਖ ਤੋਂ ਘੱਟ ਸਲਾਨਾ ਆਮਦਨ ਵਾਲੇ ਹੋਣੇ ਚਾਹੀਦੇ ਹਨ। 5 ਲੱਖ ਰੁਪਏ ਤੱਕ ਕਰਜ਼ੇ ਤੇ ਸਲਾਨਾ ਵਿਆਜ਼ ਦਰ 6% ਅਤੇ ਇਸ ਤੋਂ ਵੱਧ ਤੇ 8% ਹੈ।ਸਾਲ 2015-16 ਦੌਰਾਨ ਸਕੀਮ ਹੇਠ 66 ਲਾਭਪਾਤਰੀਆਂ ਨੂੰ 126.97 ਲੱਖ ਰੁਪਏ ਦੀ ਰਕਮ ਵੰਡੀ ਗਈ ਹੈ। ਸਾਲ 2016-17 ਦੌਰਾਨ 200 ਲਾਭਪਾਤਰੀਆਂ ਨੂੰ 300.00 ਲੱਖ ਰੁਪਏ ਦੀ ਰਕਮ ਵੰਡਣ ਦਾ ਟੀਚਾ ਹੈ।

- **ਨਿਗਮ ਦੇ ਅਧਿਕਾਰੀਆਂ ਨਾਲ ਸੰਪਰਕ ਦਾ ਵੇਰਵਾ**

| ਲੜੀ ਨੰ: | ਅਧਿਕਾਰੀ ਦਾ ਨਾਮ | ਅਹੁਦਾ | ਟੈਲੀਫੋਨ |
|---|---|---|---|
| 1 | ਸ੍ਰੀ ਸਿੱਬਨ ਸੀ, ਆਈ.ਏ.ਐਸ | ਕਾਰਜਕਾਰੀ ਡਾਇਰੈਕਟਰ | 0172-5062905 |
| 2 | ਸ੍ਰੀ ਅਜਿੰਦਰ ਸਿੰਘ | ਜਨਰਲ ਮੈਨੇਜਰ | 0172-5025092 |

## VI. ਪੰਜਾਬ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ), ਐਸ.ਸੀ.ਓ ਨੰ: 60-61, ਸੈਕਟਰ 17-ਏ, ਚੰਡੀਗੜ੍ਹ

ਪੰਜਾਬ ਸਰਕਾਰ ਵੱਲੋਂ ਬੈਕਫਿੰਕੋ ਦੀ ਸਥਾਪਨਾ 1976 ਵਿੱਚ ਪੱਛੜੀਆਂ ਸ਼੍ਰੇਣੀਆਂ ਨੂੰ ਸਵੈ-ਰੁਜ਼ਗਾਰ ਕੰਮਾਂ ਲਈ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਗਈ ਸੀ। ਉਸ ਤੋਂ ਬਾਅਦ 1994 ਵਿੱਚ ਸਰਕਾਰ ਵੱਲੋਂ ਬੈਕਫਿੰਕੋ ਨੂੰ ਰਾਸ਼ਟਰੀ ਘੱਟ ਗਿਣਤੀ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਘੱਟ ਗਿਣਤੀ ਵਰਗ ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਨੋਡਲ ਏਜੰਸੀ ਨਾਮਜ਼ਦ ਕੀਤਾ ਗਿਆ ਸੀ।

ਬੈਕਫਿੰਕੋ ਵੱਲੋਂ ਵੱਖ-ਵੱਖ ਸਵੈ ਰੋਜ਼ਗਾਰ ਸਕੀਮਾਂ ਜਿਵੇਂ ਕਿ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਕਾਰਪੈਂਟਰੀ, ਫਰਨੀਚਰ ਦੀ ਦੁਕਾਨ, ਜਨਰਲ ਸਟੋਰ, ਇੰਟਰਨੈੱਟ/ਸਾਇਬਰ ਕੈਫੇ, ਛੋਟੇ ਉਦਯੋਗ ਅਤੇ ਸਰਵਿਸ ਸੈਕਟਰ ਆਦਿ ਨਾਲ ਸਬੰਧਤ ਸਕੀਮਾਂ ਲਈ 6% ਸਲਾਨਾ ਵਿਆਜ਼ ਦੀ ਦਰ ਤੇ ਕਰਜ਼ਾ ਦਿੱਤਾ ਜਾਂਦਾ ਹੈ ਅਤੇ ਇਹ ਕਰਜ਼ਾ 5 ਸਾਲਾਂ ਵਿੱਚ ਅਸਾਨ ਕਿਸ਼ਤਾਂ ਰਾਹੀਂ ਵਸੂਲਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਕਾਰਪੋਰੇਸ਼ਨ, ਐਜੂਕੇਸ਼ਨ ਕਰਜ਼ਾ ਸਕੀਮ (Education Loan Scheme) ਅਧੀਨ 3% ਸਲਾਨਾ ਵਿਆਜ਼ ਦਰ ਤੇ ਕਰਜ਼ਾ ਦਿੰਦੀ ਹੈ। Skill Development ਪ੍ਰੋਗਰਾਮ ਅਧੀਨ ਵੱਖ-ਵੱਖ ਕਿੱਤਿਆਂ ਲਈ ਟ੍ਰੇਨਿੰਗ ਵੀ ਦਿਵਾਈ ਜਾਂਦੀ ਹੈ।

ਸਾਲ 2015-16 ਦੌਰਾਨ ਵੱਖ ਵੱਖ ਸਕੀਮਾਂ ਅਧੀਨ 892 ਲਾਭਪਾਤਰੀਆਂ ਨੂੰ 13.16 ਕਰੋੜ ਰੁਪਏ ਦੇ ਕਰਜ਼ੇ ਵੰਡੇ ਗਏ ਹਨ। ਸਾਲ 2016-17 ਦੌਰਾਨ 1200 ਲਾਭਪਾਤਰੀਆਂ ਨੂੰ 20.00 ਕਰੋੜ ਰੁਪਏ ਵੰਡਣ ਦਾ ਟੀਚਾ ਹੈ।

- **ਨਿਗਮ ਦੇ ਅਧਿਕਾਰੀਆਂ ਨਾਲ ਸੰਪਰਕ ਦਾ ਵੇਰਵਾ**

| ਲੜੀ ਨੰ: | ਅਧਿਕਾਰੀ ਦਾ ਨਾਮ | ਅਹੁਦਾ | ਟੈਲੀਫੋਨ |
|---|---|---|---|
| 1 | ਸ੍ਰੀ ਸਿੱਬਨ ਸੀ, ਆਈ.ਏ.ਐਸ | ਕਾਰਜਕਾਰੀ ਡਾਇਰੈਕਟਰ | 0172-2705995 |
| 2 | ਸ੍ਰੀਮਤੀ ਨੀਲਮ ਵਾਲੀਆ | ਏ.ਜੀ.ਐਮ. (ਪ੍ਰਸ਼ਾਸਨ) | 0172-2705995 |

# ਅਨੁਸੂਚਿਤ ਜਾਤੀਆਂ ਸਬ ਪਲਾਨ

# (ਐਸ.ਸੀ.ਐਸ.ਪੀ.)

ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਸਬ ਪਲਾਨ,
ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ.ਨੰ:124-125, ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ:0172-2661170, 2606072, 2662393
(ਫੈਕਸ)
E.mail: dir.scsp@punjab.gov.in Website: www.welfarepunjab.gov.in

## ਭੂਮਿਕਾ

ਅਨੁਸੂਚਿਤ ਜਾਤੀਆਂ ਦੇ ਸਮਾਜਿਕ, ਆਰਥਿਕ ਅਤੇ ਸਿਖਿਅਕ ਵਿਕਾਸ ਲਈ ਵੱਖ-ਵੱਖ ਯੋਜਨਾ ਸਕੀਮਾਂ/ਪ੍ਰੋਗਰਾਮਾਂ ਵਿਚੋਂ ਬਣਦਾ ਲਾਭ ਅਨੁਸੂਚਿਤ ਜਾਤੀਆਂ ਦੇ ਲੋਕਾਂ ਤੱਕ ਪਹੁੰਚਾਉਣ ਨੂੰ ਯਕੀਨੀ ਬਨਾਉਣ ਲਈ ਰਾਜ ਵਿੱਚ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਦੀ ਧਾਰਨਾ ਲਾਗੂ ਕੀਤੀ ਗਈ ਹੈ। ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਮੰਤਵ ਨਾਲ ਰਾਜ ਸਰਕਾਰ ਵੱਲੋਂ ਸਾਲ 1994 ਵਿੱਚ ਐਸ.ਸੀ.ਐਸ.ਪੀ. ਸਬੰਧੀ ਸਮੁੱਚਾ ਕੰਮ ਯੋਜਨਾਬੰਦੀ ਵਿਭਾਗ ਤੋਂ ਭਲਾਈ ਵਿਭਾਗ ਨੂੰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਭਲਾਈ ਵਿਭਾਗ ਦੇ ਕੰਟਰੋਲ ਹੇਠ ਇੱਕ ਵੱਖਰੇ ਡਾਇਰੈਕਟੋਰੇਟ (ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ) ਦੀ ਸਥਾਪਨਾ ਕੀਤੀ ਗਈ ਸੀ। ਡਾਇਰੈਕਟੋਰੇਟ ਆਫ ਐਸ.ਸੀ.ਐਸ.ਪੀ. ਵੱਲੋਂ ਯੋਜਨਾ ਕਮਿਸ਼ਨ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਨੈਸ਼ਨਲ ਕਮਿਸ਼ਨ ਫਾਰ ਐਸ.ਸੀਜ ਅਤੇ ਰਾਜ ਸਰਕਾਰ ਵੱਲੋਂ ਐਸ.ਸੀ.ਐਸ.ਪੀ. ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ ਸਬੰਧੀ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਨਾਉਣ ਦਾ ਕੰਮ ਕੀਤਾ ਜਾਂਦਾ ਹੈ। ਡਾਇਰੈਕਟੋਰੇਟ ਆਫ ਐਸ.ਸੀ.ਐਸ.ਪੀ. ਵੱਲੋਂ ਹਰ ਸਾਲ ਐਸ.ਸੀ.ਐਸ.ਪੀ. ਦਾ ਇਕ ਵੱਖਰਾ ਦਸਤਾਵੇਜ਼ (ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ) ਤਿਆਰ ਕਰਕੇ ਬਾਕੀ ਬਜਟ ਦਸਤਾਵੇਜ਼ਾਂ ਦੇ ਨਾਲ ਹੀ ਵਿਧਾਨ ਸਭਾ ਵਿੱਚ ਪ੍ਰਵਾਨਗੀ ਹਿੱਤ ਪੇਸ਼ ਕੀਤਾ ਜਾਂਦਾ ਹੈ। ਐਸ.ਸੀ.ਐਸ.ਪੀ. ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਰਾਜ ਦੇ ਮੰਤਰੀ ਮੰਡਲ ਦੀ ਮਿਤੀ 20.1.2014 ਨੂੰ ਹੋਈ ਮੀਟਿੰਗ ਵਿੱਚ ਕਈ ਅਹਿਮ ਫੈਸਲੇ ਲਏ ਗਏ ਸਨ। ਇਨ੍ਹਾਂ ਫੈਸਲਿਆਂ ਵਿੱਚ ਮੁੱਖ ਫੈਸਲਾ ਇਹ ਲਿਆ ਗਿਆ ਕਿ ਐਸ.ਸੀ.ਐਸ.ਪੀ. ਵਿੱਚ ਸ਼ਾਮਿਲ ਲਾਭਪਾਤਰੀ ਸਕੀਮਾਂ/ਕੰਪੋਨੈਂਟ ਲਈ ਡਾਇਰੈਕਟੋਰੇਟ ਆਫ ਐਸ.ਸੀ.ਐਸ.ਪੀ. ਯੋਜਨਾਬੰਦੀ ਵਿਭਾਗ ਦੀ ਤਰਜ਼ ਤੇ ਕੰਮ ਕਰੇਗਾ। ਇਸ ਸਬੰਧੀ ਮਿਤੀ 10.2.2014 ਨੂੰ ਅਧਿਸੂਚਨਾ ਵੀ ਜਾਰੀ ਕਰ ਦਿੱਤੀ ਗਈ ਸੀ।

ਪੁਸਤਕਾ ਦੇ ਇਸ ਭਾਗ ਵਿੱਚ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਮੁੱਢਲੇ ਅੰਕੜੇ, ਐਸ.ਸੀ.ਐਸ.ਪੀ. ਦੀ ਧਾਰਨਾ ਅਤੇ ਬਣਤਰ, ਐਸ.ਸੀ.ਐਸ.ਪੀ. ਨੂੰ ਲਾਗੂ ਕਰਨ ਲਈ ਰਾਜ ਸਰਕਾਰ ਵੱਲੋਂ ਉਠਾਏ ਗਏ ਕਦਮ, ਐਸ.ਸੀ.ਐਸ.ਪੀ. ਦਾ ਆਕਾਰ ਅਤੇ ਖਰਚਾ ਅਤੇ ਐਸ.ਸੀ.ਐਸ.ਪੀ. ਲਈ ਭਾਰਤ ਸਰਕਾਰ ਤੋਂ 100 ਪ੍ਰਤੀਸ਼ਤ ਗ੍ਰਾਂਟ ਵੱਜੋਂ ਪ੍ਰਾਪਤ ਹੁੰਦੀ ਵਿਸ਼ੇਸ਼ ਕੇਂਦਰੀ ਸਹਾਇਤਾ ਸਬੰਧੀ ਸੂਚਨਾ ਸ਼ਾਮਿਲ ਕੀਤੀ ਗਈ ਹੈ।

# ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਮੁੱਢਲੇ ਅੰਕੜੇ (ਜਨਗਣਨਾ-2011)

- ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 88.60 ਲੱਖ ਹੈ ਜੋ ਕਿ ਰਾਜ ਦੀ ਕੁੱਲ ਆਬਾਦੀ (277.43 ਲੱਖ) ਦਾ 31.94 ਪ੍ਰਤੀਸ਼ਤ ਹੈ।
- ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੀ ਪ੍ਰਤੀਸ਼ਤਤਾ ਪੂਰੇ ਭਾਰਤ ਵਿੱਚ ਸਭ ਤੋਂ ਜਿਆਦਾ ਹੈ।
- ਰਾਜ ਵਿੱਚ ਪਿਛਲੇ 10 ਸਾਲਾਂ ਦੌਰਾਨ ਅਨੁਸੂਚਿਤ ਜਾਤੀਆਂ ਦੀ ਆਬਾਦੀ ਵਿੱਚ 26.06 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜਦੋਂ ਕਿ ਇਸੇ ਸਮੇਂ ਦੌਰਾਨ ਰਾਜ ਦੀ ਕੁੱਲ ਆਬਾਦੀ ਵਿੱਚ 13.89 ਪ੍ਰਤੀਸ਼ਤ ਦਾ ਵਾਧਾ ਦਰਜ ਹੋਇਆ ਹੈ।
- ਰਾਜ ਦੀ ਕੁੱਲ ਅਨੁਸੂਚਿਤ ਜਾਤੀਆਂ ਦੀ ਆਬਾਦੀ (88.60 ਲੱਖ) ਵਿਚੋਂ 64.97 ਲੱਖ (73.33 ਪ੍ਰਤੀਸ਼ਤ) ਆਬਾਦੀ ਦਿਹਾਤੀ ਇਲਾਕੇ ਵਿੱਚ ਅਤੇ 23.63 ਲੱਖ (26.67 ਪ੍ਰਤੀਸ਼ਤ) ਆਬਾਦੀ ਸ਼ਹਿਰੀ ਖੇਤਰ ਵਿੱਚ ਰਹਿੰਦੀ ਹੈ।
- ਅਨੁਸੂਚਿਤ ਜਾਤੀਆਂ ਦੀ ਕੁੱਲ ਆਬਾਦੀ (88.60 ਲੱਖ) ਵਿਚੋਂ ਮਰਦਾਂ ਦੀ ਗਿਣਤੀ 46.40 ਲੱਖ ਅਤੇ ਔਰਤਾਂ ਦੀ ਗਿਣਤੀ 42.20 ਲੱਖ ਹੈ ਜੋ ਕਿ ਕੁੱਲ ਅਨੁਸੂਚਿਤ ਜਾਤੀਆਂ ਦੀ ਆਬਾਦੀ ਦਾ ਕ੍ਰਮਵਾਰ 52.37 ਪ੍ਰਤੀਸ਼ਤ ਅਤੇ 47.63 ਪ੍ਰਤੀਸ਼ਤ ਹੈ।
- ਭਾਰਤ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੀ ਅਧਿਸੂਚਿਤ ਕੀਤੀ ਗਈ ਲਿਸਟ ਵਿੱਚ ਪੰਜਾਬ ਰਾਜ ਲਈ 39 ਜਾਤੀਆਂ ਸ਼ਾਮਲ ਹਨ। ਰਾਜ ਵਿੱਚ ਕੋਈ ਵੀ ਅਨੁਸੂਚਿਤ ਜਾਤੀ ਕਬੀਲਾ ਅਧਿਸੂਚਿਤ ਨਹੀਂ ਹੈ।
- ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਵੱਧ ਆਬਾਦੀ ਵਾਲੇ ਜਿਲ੍ਹੇ ਜਿਵੇਂ ਕਿ ਸ਼ਹੀਦ ਭਗਤ ਸਿੰਘ ਨਗਰ (42.50 ਪ੍ਰਤੀਸ਼ਤ), ਸ੍ਰੀ ਮੁਕਤਸਰ ਸਾਹਿਬ (42.30 ਪ੍ਰਤੀਸ਼ਤ), ਫਿਰੋਜ਼ਪੁਰ (42.17 ਪ੍ਰਤੀਸ਼ਤ), ਜਲੰਧਰ (38.95 ਪ੍ਰਤੀਸ਼ਤ), ਫਰੀਦਕੋਟ (38.91 ਪ੍ਰਤੀਸ਼ਤ), ਮੋਗਾ (36.49 ਪ੍ਰਤੀਸ਼ਤ), ਹੁਸ਼ਿਆਰਪੁਰ (35.13 ਪ੍ਰਤੀਸ਼ਤ), ਕਪੂਰਥਲਾ (33.95 ਪ੍ਰਤੀਸ਼ਤ), ਤਰਨ ਤਾਰਨ (33.71 ਪ੍ਰਤੀਸ਼ਤ), ਮਾਨਸਾ (33.63 ਪ੍ਰਤੀਸ਼ਤ), ਬਠਿੰਡਾ 32.44 ਪ੍ਰਤੀਸ਼ਤ), ਬਰਨਾਲਾ (32.24 ਪ੍ਰਤੀਸ਼ਤ) ਅਤੇ ਫਤਿਹਗੜ੍ਹ ਸਾਹਿਬ (32.07 ਪ੍ਰਤੀਸ਼ਤ) ਹਨ।
- ਰਾਜ ਦੇ ਕੁੱਲ ਆਬਾਦ 12,168 ਪਿੰਡਾਂ ਵਿੱਚੋਂ 57 ਪਿੰਡ ਅਜਿਹੇ ਹਨ, ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 100 ਪ੍ਰਤੀਸ਼ਤ ਹੈ ਅਤੇ 4799 ਪਿੰਡ (39.44 ਪ੍ਰਤੀਸ਼ਤ) ਅਜਿਹੇ ਹਨ, ਜਿੰਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 40 ਪ੍ਰਤੀਸ਼ਤ ਜਾਂ ਇਸ ਤੋਂ ਜ਼ਿਆਦਾ ਹੈ।

- ਰਾਜ ਦੇ 175 ਕਸਬਿਆਂ ਵਿੱਚ ਅਨੁਸੂਚਿਤ ਜਾਤੀਆਂ ਦੀ ਆਬਾਦੀ 20 ਪ੍ਰਤੀਸ਼ਤ ਜਾਂ ਇਸ ਤੋਂ ਜਿਆਦਾ ਹੈ।
- ਰਾਜ ਵਿਚ 18.67 ਲੱਖ ਘਰ ਅਨੁਸੂਚਿਤ ਜਾਤੀਆਂ ਦੇ ਹਨ, ਜੋ ਪੰਜਾਬ ਦੇ ਕੁੱਲ 54.10 ਲੱਖ ਘਰਾਂ ਦਾ 34.51 ਪ੍ਰਤੀਸ਼ਤ ਅਤੇ ਦੇਸ਼ ਦੇ ਕੁੱਲ 442.27 ਲੱਖ ਘਰਾਂ ਦਾ 4.22 ਪ੍ਰਤੀਸ਼ਤ ਬਣਦਾ ਹੈ। ਪੰਜਾਬ ਦੇ ਕੁੱਲ ਘਰਾਂ (54.10 ਲੱਖ) ਵਿਚੋ 3.60 ਲੱਖ ਘਰ (6.65 ਪ੍ਰਤੀਸ਼ਤ) ਕੱਚੇ ਹਨ, ਜਿਸ ਵਿਚ 2.13 ਲੱਖ ਘਰ (59.27 ਪ੍ਰਤੀਸ਼ਤ) ਅਨੁਸੂਚਿਤ ਜਾਤੀਆਂ ਦੇ ਹਨ।
- ਅਨੁਸੂਚਿਤ ਜਾਤੀਆਂ ਦੀ ਕੁੱਲ ਸਾਖਰਤਾ ਦਰ 64.81 ਪ੍ਰਤੀਸ਼ਤ ਹੈ ਜਿਸ ਵਿਚੋਂ ਔਰਤਾਂ ਦੀ ਸਾਖਰਤਾ ਦਰ 58.39 ਪ੍ਰਤੀਸ਼ਤ ਅਤੇ ਮਰਦਾਂ ਦੀ ਸਾਖਰਤਾ ਦਰ 70.66 ਪ੍ਰਤੀਸ਼ਤ ਹੈ।
- ਰਾਜ ਵਿਚ ਕਲਾਸ I-X ਦੋਰਾਨ ਕੁੱਲ ਵਿਦਿਆਰਥੀਆਂ ਦੀ ਸਕੂਲ ਛੱਡਣ ਦੀ ਦਰ 30.5 ਪ੍ਰਤੀਸ਼ਤ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਸਕੂਲ ਛੱਡਣ ਦੀ ਦਰ 55.07 ਪ੍ਰਤੀਸ਼ਤ ਹੈ। (ਸਾਧਨ: ਸਕੂਲ ਸਿਖਿਆ ਦੇ ਅੰਕੜੇ ਸਾਲ 2010-11, ਮਨੁੱਖੀ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ)
- ਰਾਜ ਵਿੱਚ ਬੱਚਿਆਂ ਦੀ 6.80 ਪ੍ਰਤੀਸ਼ਤ ਮੌਤ ਦਰ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀ ਮੌਤ ਦਰ 16.00 ਪ੍ਰਤੀਸ਼ਤ ਹੈ। ਰਾਜ ਵਿੱਚ 66.40 ਪ੍ਰਤੀਸ਼ਤ ਬੱਚਿਆਂ ਵਿੱਚ ਖੂਨ ਦੀ ਘਾਟ ਪਾਈ ਗਈ ਹੈ ਅਤੇ ਇਸ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੇ 73.80 ਪ੍ਰਤੀਸ਼ਤ ਬੱਚਿਆਂ ਵਿੱਚ ਖੂਨ ਦੀ ਘਾਟ ਹੈ। (ਸਾਧਨ: ਕੌਮੀ ਪਰਿਵਾਰਕ ਸਿਹਤ ਸਰਵੇਖਣ-III, 2005-06)
- ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਦਿਹਾਤੀ ਖੇਤਰਾਂ ਵਿੱਚ ਸਾਲ 2002 ਦੌਰਾਨ ਅਤੇ ਰਾਜ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ ਸ਼ਹਿਰੀ ਖੇਤਰਾਂ ਵਿੱਚ ਸਾਲ 2004 ਦੌਰਾਨ ਕੀਤੇ ਗਏ ਸਰਵੇ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਕੁੱਲ 5.23 ਲੱਖ ਪ੍ਰੀਵਾਰਾਂ ਵਿਚੋਂ 3.21 ਲੱਖ ਪ੍ਰੀਵਾਰ (61.37 ਪ੍ਰਤੀਸ਼ਤ), ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ। ਇਹਨਾਂ 3.21 ਲੱਖ ਅਨੁਸੂਚਿਤ ਜਾਤੀ ਪ੍ਰੀਵਾਰਾਂ ਵਿਚੋਂ 2.34 ਲੱਖ ਪ੍ਰੀਵਾਰ ਦਿਹਾਤੀ ਖੇਤਰ ਅਤੇ 0.87 ਲੱਖ ਪ੍ਰੀਵਾਰ ਸ਼ਹਿਰੀ ਖੇਤਰ ਵਿੱਚ ਰਹਿੰਦੇ ਹਨ।
- ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਕੁੱਲ 63,480 ਵਾਹੀਯੋਗ ਜੋਤਾਂ ਹਨ, ਜਿੰਨ੍ਹਾਂ ਦਾ ਰਕਬਾ 1,26,966 ਹੈਕਟੇਅਰ ਬਣਦਾ ਹੈ।ਇਹ ਜ਼ੋਤਾਂ ਅਤੇ ਰਕਬਾ ਰਾਜ ਦੀਆਂ ਕੁੱਲ ਵਾਹੀਯੋਗ ਜੋਤਾਂ ਅਤੇ ਕੁੱਲ ਰਕਬੇ ਦਾ ਕ੍ਰਮਵਾਰ 6.02 ਪ੍ਰਤੀਸ਼ਤ ਅਤੇ 3.20 ਪ੍ਰਤੀਸ਼ਤ ਬਣਦਾ ਹੈ। (ਸਾਧਨ: ਖੇਤੀਬਾੜੀ ਸਰਵੇਖਣ 2010-11)

# ਅਨੁਸੂਚਿਤ ਜਾਤੀਆਂ ਸਬ ਪਲਾਨ
# (ਐਸ.ਸੀ.ਐਸ.ਪੀ.)

## I. ਭੂਮਿਕਾ

ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਸਮੁੱਚੇ ਵਿਕਾਸ ਲਈ ਸਪੈਸ਼ਲ ਕੰਪੋਨੈਂਟ ਪਲਾਨ (ਹੁਣ 'ਅਨੁਸੂਚਿਤ ਜਾਤੀਆਂ ਸਬ ਪਲਾਨ') ਦੀ ਧਾਰਨਾ ਨੂੰ 6ਵੀਂ ਪੰਜ ਸਾਲਾ ਯੋਜਨਾ (1980-85) ਤੋਂ ਅਮਲ ਵਿੱਚ ਲਿਆਂਦਾ ਗਿਆ ਸੀ। ਅਨੁਸੂਚਿਤ ਜਾਤੀਆਂ ਸਬ ਪਲਾਨ, ਸਾਲਾਨਾ ਯੋਜਨਾ ਅਤੇ ਪੰਜ ਸਾਲਾ ਯੋਜਨਾ ਦੀ ਸਬ ਪਲਾਨ ਹੀ ਹੁੰਦੀ ਹੈ ਅਤੇ ਇਸ ਨੂੰ ਇੱਕ ਅਜਿਹੀ ਵਿਧੀ ਅਨੁਸਾਰ ਤਿਆਰ ਕੀਤਾ ਜਾਂਦਾ ਹੈ ਕਿ ਰਾਜ ਦੀ ਸਾਲਾਨਾ ਯੋਜਨਾ ਅਧੀਨ ਹਰੇਕ ਖੇਤਰ ਦੇ ਵੱਖ-ਵੱਖ ਪ੍ਰੋਗਰਾਮਾਂ ਹੇਠ, ਭੌਤਿਕ ਅਤੇ ਵਿੱਤੀ ਰੂਪ ਵਿੱਚ ਉਪਲੱਭਦ ਲਾਭ ਦੇ ਇੱਕ ਵਾਜਬ ਹਿੱਸੇ ਦਾ ਪ੍ਰਵਾਹ ਅਨੁਸੂਚਿਤ ਜਾਤੀ ਦੇ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

## II. ਅਗਵਾਈ ਲੀਹਾਂ

ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਵੱਲੋ ਅਨੁਸੂਚਿਤ ਜਾਤੀਆਂ ਸਬ ਪਲਾਨ ਦੇ ਲਾਗੂਕਰਨ ਲਈ ਸੰਕਲਿਤ ਅਗਵਾਈ ਲੀਹਾਂ ਸਾਲ 2006 ਦੌਰਾਨ ਜਾਰੀ ਕੀਤੀਆਂ ਗਈਆਂ ਸਨ। ਇਹ ਅਗਵਾਈ ਲੀਹਾਂ ਯੋਜਨਾ ਕਮਿਸ਼ਨ ਦੀ ਵੈਬਸਾਇਟ ਦੇ ਸੋਸ਼ਲ ਜਸਟਿਸ ਲਿੰਕ ਅਧੀਨ ਰਿਪੋਰਟ/ਡਾਕੂਮੈਂਟਸ ਸਿਰਲੇਖ ਹੇਠ ਉਪਲੱਬਧ ਹਨ http://planningcommission.gov.in/sectors/sj/SCSP_TSP%20Guidelines.pdf), ਜਿਸ ਦੇ ਮੁੱਖ ਅੰਸ਼ ਹੇਠ ਅਨੁਸਾਰ ਹਨ:-

- ਰਾਜ ਦੀ ਸਾਲਾਨਾ ਯੋਜਨਾ ਵਿਚੋ ਘੱਟੋ-ਘੱਟ ਰਾਜ ਦੀ ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਪ੍ਰਤੀਸ਼ਤਤਾ ਦੇ ਬਰਾਬਰ ਦੀ ਰਾਸ਼ੀ ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਰਾਖਵੀ ਹੋਣੀ ਚਾਹੀਦੀ ਹੈ।
- ਅਨੁਸੂਚਿਤ ਜਾਤੀਆਂ ਸਬ ਪਲਾਨ ਫੰਡ ਨਾ-ਪੱਥਬਦਲੀ ਯੋਗ (Non-divertible) ਅਤੇ ਨ੍ਹਾ-ਅਵਰਤੋਯੋਗ (Non-lapsable) ਹੋਣੇ ਚਾਹੀਦੇ ਹਨ।
- ਅਨੁਸੂਚਿਤ ਜਾਤੀਆਂ ਸਬ ਪਲਾਨ ਦੀ ਬਣਤਰ ਅਤੇ ਲਾਗੂਕਰਨ ਦੇ ਕੰਮ ਲਈ ਭਲਾਈ ਵਿਭਾਗ ਨੂੰ ਨੋਡਲ ਵਿਭਾਗ ਬਨਾਉਣਾ ਚਾਹੀਦਾ ਹੈ ।
- ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਨਿਰਧਾਰਤ ਕੀਤੀ ਰਾਸ਼ੀ ਨੂੰ ਨੋਡਲ ਵਿਭਾਗ (ਭਲਾਈ ਵਿਭਾਗ) ਦੇ ਪੱਧਰ ਤੇ ਰੱਖਣਾ ਚਾਹੀਦਾ ਹੈ, ਜਿਸ ਵੱਲੋਂ ਇਸ ਰਾਸ਼ੀ ਨੂੰ ਅਗੋਂ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸਕੀਮਾਂ ਨੂੰ ਲਾਗੂ ਕਰਨ ਲਈ ਵੱਖ ਵੱਖ ਵਿਭਾਗਾਂ ਨੂੰ ਐਲੋਕੇਟ ਕੀਤਾ ਜਾਵੇਗਾ ।

- ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਰਾਖਵੇਂ ਰੱਖੇ ਗਏ ਫੰਡ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਲਾਗੂ ਕਰ ਰਹੇ ਹਰ ਵਿਭਾਗ ਦੇ ਬਜਟ ਹੈਡ /ਸਬ-ਹੈਡ ਅਧੀਨ ਬੁੱਕ ਹੋਣੇ ਚਾਹੀਦੇ ਹਨ ।
- ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਸਿਰਫ ਉਹੀ ਸਕੀਮਾਂ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਹਨਾਂ ਦਾ ਵਿਅਕਤੀਗਤ ਜਾਂ ਪਰਿਵਾਰਕ ਤੌਰ ਤੇ ਸਿੱਧਾ ਲਾਭ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਿਲਦਾ ਹੋਵੇ ।

## III. ਰਾਜ ਵਿੱਚ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਲਾਗੂ ਕਰਨ ਦੀ ਸਥਿਤੀ ਅਤੇ ਰਾਜ ਸਰਕਾਰ ਵੱਲੋਂ ਉਠਾਏ ਗਏ ਕਦਮ

- ਰਾਜ ਵਿੱਚ ਵੀ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ 6ਵੀਂ ਪੰਜ ਸਾਲਾ ਯੋਜਨਾ (1980-85) ਤੋਂ ਹੀ ਲਾਗੂ ਕੀਤਾ ਜਾ ਰਿਹਾ ਹੈ।
- ਮਿਤੀ 8.3.1994 ਦੇ ਮੰਤਰੀ ਪ੍ਰੀਸ਼ਦ ਦੇ ਫੈਸਲੇ ਦੇ ਸਨਮੁੱਖ ਅਨੁਸੂਚਿਤ ਜਾਤੀਆਂ ਸਬ ਪਲਾਨ ਦਾ ਕੰਮ ਯੋਜਨਾਬੰਦੀ ਵਿਭਾਗ ਤੋਂ ਤਬਦੀਲ ਕਰਕੇ ਭਲਾਈ ਵਿਭਾਗ ਨੂੰ ਸੌਂਪ ਦਿੱਤਾ ਗਿਆ ਸੀ।
- ਅਨੁਸੂਚਿਤ ਜਾਤੀਆਂ ਸਬ ਪਲਾਨ ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (100% ਗਰਾਂਟ) ਅਧੀਨ ਕਵਰ ਹੁੰਦੀਆਂ ਸਕੀਮਾਂ ਦੀ ਬਣਤਰ, ਸਮੀਖਿਆ/ਨਿਰੀਖਣ ਅਤੇ ਮੁਲਾਂਕਣ ਆਦਿ ਲਈ ਭਲਾਈ ਵਿਭਾਗ ਦੇ ਪ੍ਰਸਾਸ਼ਕੀ ਕੰਟਰੋਲ ਅਧੀਨ ਇੱਕ ਵੱਖਰੇ ਡਾਇਰੈਕਟੋਰੇਟ (ਡਾਇਰੈਕਟੋਰੇਟ ਆਫ ਸਡਿਊਲਡ ਕਾਸਟਸ ਸਬ ਪਲਾਨ) ਦੀ ਸਥਾਪਨਾ ਕੀਤੀ ਗਈ ਹੈ ਅਤੇ ਇਸ ਮੰਤਵ ਲਈ ਇਸ ਵਿਭਾਗ ਨੂੰ ਨੋਡਲ ਵਿਭਾਗ ਬਣਾਇਆ ਗਿਆ ਹੈ।
- ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਨਿਰਧਾਰਤ ਕੀਤੇ ਗਏ ਫੰਡਾਂ ਦੀ ਜਨਰਲ ਸੈਕਟਰਾਂ ਵਿੱਚ ਪੱਥ ਬਦਲੀ ਨੂੰ ਰੋਕਣ ਲਈ ਹਰੇਕ ਵਿਭਾਗ ਦੇ ਸਬੰਧਤ ਮੇਜਰ/ਸਬ ਮੇਜਰ ਹੈਡ ਅਧੀਨ ਇੱਕ ਵੱਖਰਾ ਮਾਈਨਰ ਹੈਡ-789- "ਐਸ.ਸੀ.ਪੀ. ਫਾਰ ਐਸ.ਸੀਜ" ਖੋਲਿਆ ਗਿਆ ਹੈ।
- ਜਿਲ੍ਹਾ ਪੱਧਰ ਤੇ ਅਨੁਸੂਚਿਤ ਜਾਤੀਆਂ ਸਬ ਪਲਾਨ/ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮਾਂ ਦੇ ਵਧੇਰੇ ਤਾਲਮੇਲ ਲਈ ਹਰੇਕ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਨੋਡਲ ਅਫਸਰ ਘੋਸ਼ਿਤ ਕੀਤਾ ਗਿਆ ਹੈ।
- ਅਨੁਸੂਚਿਤ ਜਾਤੀਆਂ ਸਬ ਪਲਾਨ/ਵਿਸ਼ੇਸ਼ ਕੇਂਦਰੀ ਸਹਾਇਤਾ ਅਧੀਨ ਵੱਖ ਵੱਖ ਸਕੀਮਾਂ ਦੇ ਲਾਗੂਕਰਨ ਦਾ ਨਿਰੀਖਣ ਅਤੇ ਸਮੀਖਿਆ ਕਰਨ ਲਈ ਰਾਜ/ਜਿਲ੍ਹਾ/ਬਲਾਕ ਪੱਧਰ ਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਨ੍ਹਾਂ ਦਾ ਵੇਰਵਾ ਭਲਾਈ ਵਿਭਾਗ ਦੀ ਵੈਬਸਾਈਟ www.welfarepunjab.gov.in ਤੇ ਡਾਇਰੈਕਟੋਰੇਟ ਆਫ ਐਸ.ਸੀ.ਐਸ.ਪੀ. ਨਾਲ ਸਬੰਧਤ ਸੈਕਸ਼ਨ ਤੇ ਦਰਜ ਹੈ।

- ਅਨੁਸੂਚਿਤ ਜਾਤੀਆਂ ਸਬ ਪਲਾਨ/ਵਿਸੇਸ਼ ਕੇਂਦਰੀ ਸਕੀਮਾਂ ਦੇ ਰੈਗੁਲਰ ਮੁਲਾਂਕਣ ਕਰਨ ਲਈ ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਸਬ ਪਲਾਨ ਵਿਚ ਇੱਕ 'ਮੋਨੀਟਰਿੰਗ ਸੈਲ' ਦੀ ਸਥਾਪਨਾ ਕੀਤੀ ਗਈ ਹੈ। ਇਸ 'ਮੋਨੀਟਰਿੰਗ ਸੈਲ' ਰਾਹੀਂ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਲਾਗੂ ਹੋਈਆਂ ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮਾਂ ਦੀਆਂ ਸਾਲਵਾਰ ਮੁਲਾਂਕਣ ਰਿਪੋਰਟਾਂ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਨੂੰ ਭੇਜੀਆਂ ਜਾ ਚੁੱਕੀਆਂ ਹਨ।
- ਰਾਜ ਵਿੱਚ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਹੋਰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਮੰਤਰੀ ਪ੍ਰੀਸ਼ਦ ਵੱਲੋਂ ਅਪਣੀ ਮੀਟਿੰਗ ਮਿਤੀ 20.1.2014 ਵਿੱਚ ਮੰਤਰੀ ਪ੍ਰੀਸ਼ਦ ਦੇ ਮਿਤੀ 6.3.2003 ਦੇ ਫੈਸਲੇ ਦੀ ਸਮੀਖਿਆ ਕਰਦੇ ਹੋਏ ਕੁੱਝ ਅਹਿਮ ਫੈਸਲੇ ਲਏ ਹਨ। ਇਸ ਸਬੰਧ ਵਿੱਚ ਭਲਾਈ ਵਿਭਾਗ ਵੱਲੋਂ ਮਿਤੀ 10.2.2014 ਨੂੰ ਜਾਰੀ ਅਧਿਸੂਚਨਾ ਵਿਭਾਗ ਦੀ ਵੈਬਸਾਇਟ ਤੇ ਉਪਲੱਬਧ ਹੈ।

- **ਨਵੇਂ ਉੱਦਮ (ਸਾਲ 2015-16)**
  - **ਬੀ.ਪੀ.ਐਲ. ਐਸ.ਸੀ. ਪਰਿਵਾਰਾਂ ਦੀ ਸਾਲਾਨਾ ਆਮਦਨ ਵਿਚ ਸੋਧ:-**
    - ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮਾਂ ਅਧੀਨ ਬੀ.ਪੀ.ਐਲ. ਐਸ.ਸੀ. ਪਰਿਵਾਰਾਂ ਦੀ ਚੋਣ ਦੀ ਕਾਰਵਾਈ ਨੂੰ ਸੁਖਾਲਾ ਬਣਾਉਣ ਲਈ ਪੰਜਾਬ ਰਾਜ ਵਿਚ ਪ੍ਰਤੀ ਅਨੁਸੂਚਿਤ ਜਾਤੀ ਪਰਿਵਾਰ ਹੇਠ ਅਨੁਸਾਰ ਸਾਲਾਨਾ ਆਮਦਨ ਹੱਦ ਨਿਰਧਾਰਤ ਕੀਤੀ ਗਈ ਹੈ:-
      - ਦਿਹਾਤੀ ਖੇਤਰ ਲਈ : 67,649/-ਰੁਪਏ
      - ਸ਼ਹਿਰੀ ਖੇਤਰ ਲਈ : 88,756/- ਰੁਪਏ

        *ਉਪਰੋਕਤ ਅੰਕੜੇ ਤਤਕਾਲੀਨ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਵੱਲੋ ਜੂਨ, 2014 ਵਿੱਚ ਜਾਰੀ ਕੀਤੇ ਗਏ ਗਰੀਬੀ ਅਨੁਮਾਨਾਂ ਅਤੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਗੁਜਰਾਤ, ਬਿਹਾਰ ਅਤੇ ਝਾਰਖੰਡ ਰਾਜਾਂ ਨੂੰ ਜਾਰੀ ਕੀਤੀ ਅਗਵਾਈ ਦੇ ਸਨਮੁੱਖ ਜਾਰੀ ਕੀਤੇ ਗਏ ਹਨ।*

  - **ਨਿਪੁੰਨਤਾ ਵਿਕਾਸ ਸਕੀਮਾਂ ਹੇਠ ਦਾਖਲੇ ਦੇ ਵਿਸਥਾਰ-ਖੇਤਰ ਵਿਚ ਵਾਧਾ ਕਰਨ ਬਾਰੇ:-**
    - ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਹੇਠ ਨਿਪੁੰਨਤਾ ਵਿਕਾਸ ਸਕੀਮਾਂ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਅਨੁਸੂਚਿਤ ਜਾਤੀ ਉਮੀਦਵਾਰਾਂ ਨੂੰ ਪਹਿਲ ਦੇ ਆਧਾਰ ਤੇ ਦਾਖਲਾ ਦਿੱਤਾ ਜਾਂਦਾ ਹੈ। ਪ੍ਰੰਤੂ ਦਾਖਲਾ ਸੀਟਾਂ ਦੇ ਖਾਲੀ ਰਹਿ ਜਾਣ ਦੀ ਸੂਰਤ ਵਿਚ ਉਨ੍ਹਾਂ ਅਨੁਸੂਚਿਤ ਜਾਤੀ ਉਮੀਦਵਾਰਾਂ, ਜਿਨ੍ਹਾਂ ਦੀ ਸਾਲਾਨਾ ਪਰਿਵਾਰਕ ਆਮਦਨ 2.50 ਲੱਖ ਰੁਪਏ ਤੱਕ ਹੈ, ਨੂੰ ਵੀ ਅਜਿਹੀਆਂ ਸਕੀਮਾਂ ਤਹਿਤ ਕਵਰ ਕਰਨ ਲਈ ਇਸ ਵਿਭਾਗ ਵੱਲੋਂ ਮਿਤੀ 30.12.2015 ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

- **ਸਕੂਲੀ ਵਿਦਿਆਰਥੀਆਂ ਲਈ ਕੈਰੀਅਰ ਕਾਊਂਸਲਿੰਗ ਦੀ ਨਵੀਂ ਸਕੀਮ:-**

  - ਅਨੁਸੂਚਿਤ ਜਾਤੀਆਂ ਦੇ 9ਵੀਂ ਤੋਂ 12ਵੀਂ ਕਲਾਸ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਭਵਿੱਖ ਵਿੱਚ ਚੁਣੇ ਜਾਣ ਵਾਲੇ ਵਿਦਿਅਕ ਵਿਸ਼ਿਆਂ ਅਤੇ ਨੌਕਰੀਆਂ ਲਈ ਉਪਲੱਬਧ ਮੌਕਿਆਂ ਸਬੰਧੀ ਜਾਣਕਰੀ ਦੇਣ ਲਈ ਜਿਲ੍ਹਾ ਪੱਧਰ ਤੇ ਮਿਤੀ 02-11-2015 ਤੋਂ ਕੈਰੀਅਰ ਕਾਉਂਸਲਿੰਗ ਦੀ ਇੱਕ ਨਵੀਂ ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਤਹਿਤ ਕੈਰੀਅਰ ਕਾਉਂਸਲਿੰਗ ਦੇ ਲੈਕਚਰ ਤੋਂ ਇਲਾਵਾ ਵਿਦਿਆਰਥੀਆਂ ਨੂੰ ਬੱਝਵਾਂ ਸਫਰੀ ਭੱਤਾ, ਮੁਫਤ ਜਲਪਾਨ ਅਤੇ ਲਿਖਣ ਸਮੱਗਰੀ ਦੀ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ। ਸਾਲ 2015-16 ਦੌਰਾਨ ਪੰਜ ਮਹੀਨਿਆਂ ਦੇ ਸਮੇਂ ਵਿੱਚ ਹਰੇਕ ਜ਼ਿਲ੍ਹੇ ਵਿੱਚ ਲੱਗਭਗ 60 ਲੈਕਚਰਾਂ ਦਾ ਸੰਚਾਲਨ ਕਰਕੇ ਕੁੱਲ 45.00 ਲੱਖ ਰੁਪਏ (ਔਸਤਨ ਪ੍ਰਤੀ ਜਿਲ੍ਹਾ 2.00 ਲੱਖ ਰੁਪਏ) ਦੇ ਖਰਚ ਨਾਲ ਲਗਭਗ 40,000 ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਾ ਮਾਹਿਰਾਂ ਰਾਹੀਂ ਇਕ ਘੰਟੇ ਦੀ ਕੈਰਿਅਰ ਕੋਸਲਿੰਗ ਪ੍ਰਦਾਨ ਕੀਤੀ ਗਈ। ਸਾਲ 2016-17 ਦੌਰਾਨ ਇਸ ਸਕੀਮ ਤਹਿਤ 64.50 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 59,400 ਅਨੁਸੂਚਿਤ ਜਾਤੀ ਵਿਦਿਆਰਥੀਆਂ (ਪ੍ਰਤੀ ਜ਼ਿਲ੍ਹਾ 2700 ਵਿਦਿਆਰਥੀ) ਨੂੰ ਵਿਸ਼ਾ ਮਾਹਿਰਾਂ ਰਾਹੀਂ ਇਕ ਘੰਟੇ ਦੀ ਕੈਰਿਅਰ ਕੋਸਲਿੰਗ ਪ੍ਰਦਾਨ ਕਰਨ ਦਾ ਟਿੱਚਾ ਮਿਥਿਆ ਗਿਆ ਹੈ। ਇਸ ਤੋਂ ਇਲਾਵਾ ਇਸ ਸਕੀਮ ਹੇਠ ਜ਼ਿਲ੍ਹਾ ਹੈਡ ਕੁਆਟਰਾਂ ਤੇ ਅਨੁਸੂਚਿਤ ਜਾਤੀ ਲੋਕਾਂ ਲਈ ਜਾਗਰੂਕਤਾ ਕੇਂਦਰ ਵੀ ਚਲਾਏ ਜਾਣਗੇ।

## IV. ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਦਾ ਆਕਾਰ

ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਅਨੁਸੂਚਿਤ ਜਾਤੀਆਂ ਸਬ ਪਲਾਨ ਦਾ ਆਕਾਰ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋ ਦੀ ਪ੍ਰਤੀਸ਼ਤਤਾ ਦੇ ਅਨੁਪਾਤ ਵਿੱਚ ਹੋਣਾ ਚਾਹੀਦਾ ਹੈ। 11ਵੀਂ ਪੰਜ ਸਾਲਾ ਯੋਜਨਾ ਤੋਂ ਸਾਲ 2015-16 ਤੱਕ ਅਨੁਸੂਚਿਤ ਜਾਤੀਆਂ ਸਬ ਪਲਾਨ ਦਾ ਸਾਲਾਨਾ ਯੋਜਨਾ ਦੇ ਮੁਕਾਬਲੇ ਆਕਾਰ, ਉਪਬੰਧਾਂ ਅਤੇ ਖਰਚੇ ਸਬੰਧੀ ਅੰਕੜਾਤਮਕ ਵੇਰਵਾ ਭਲਾਈ ਵਿਭਾਗ ਦੀ ਵੈਬਸਾਈਟ ਤੇ ਦਰਜ਼ ਹੈ।

## V. ਅਨੁਸੂਚਿਤ ਜਾਤੀਆਂ ਸਬ ਪੰਲਾਨ 2016-17 ਦੀ ਬਣਤਰ

- ਅਨੁਸੂਚਿਤ ਜਾਤੀਆਂ ਸਬ ਪਲਾਨ 2016-17, ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ), ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਅਤੇ ਪੰਜਾਬ ਮੰਤਰੀ ਪ੍ਰੀਸ਼ਦ ਦੇ ਮਿਤੀ 20.01.2014 ਦੇ ਫੈਸਲਿਆਂ ਦੇ ਸਨਮੁੱਖ ਭਲਾਈ ਵਿਭਾਗ ਵਲੋਂ ਮਿਤੀ 10.02.2014 ਨੂੰ ਜਾਰੀ ਕੀਤੀ ਅਧਿਸੂਚਨਾ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ।

- ਇਸ ਸਬ ਪਲਾਨ ਵਿੱਚ ਸ਼ਾਮਿਲ ਵੱਖ-ਵੱਖ ਸਕੀਮਾਂ ਅਧੀਨ ਨਿਰਧਾਰਿਤ ਉਪਬੰਧਾਂ ਨੂੰ ਹੇਠ ਦਰਸਾਏ ਪੱਖਾਂ/ਮਾਪਦੰਡਾਂ ਨੂੰ ਧਿਆਨ ਵਿੱਚ ਰੱਖਕੇ ਤਰਕਸੰਗ ਬਣਾਇਆ ਗਿਆ ਹੈ:-
  - ਯੋਜਨਾ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾ ਵੰਡਣਯੋਗ ਖੇਤਰ (5% ਜਾਂ ਅਸਲ) ਲਈ ਉਪਬੰਧ ਨੂੰ ਰਾਖਵੇਂ ਰੱਖਣਾ।
  - ਰਾਜ ਦੀ ਅਨੁਸੂਚਿਤ ਜਾਤੀ ਦੀ ਆਬਾਦੀ ।
  - ਵਿਦਿਅਕ ਸੰਸਥਾਵਾਂ ਵਿਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ ਦਾਖਲਾ ।
  - ਦਾਖਲੇ/ਸੇਵਾਵਾਂ ਵਿੱਚ ਰਾਖਵਾਂ ਕਰਨ ਪਾਲਿਸੀ।
  - 40% ਜਾਂ ਇਸ ਤੋਂ ਜਿਆਦਾ ਅਨੁਸੂਚਿਤ ਜਾਤੀ ਵਾਲੇ ਆਬਾਦੀ ਦੀ ਬਹੁਤਤਾ ਵਾਲੇ ਪਿੰਡ।
  - ਲਾਭਪਾਤਰੀ ਸਕੀਮਾਂ ਅਧੀਨ ਲਾਭਪਾਤਰੀਆਂ ਦੀ ਅਸਲ ਗਿਣਤੀ।
  - ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਖੇਤੀਬਾੜੀ ਯੋਗ ਜਮੀਨ ਦੀ ਮਲਕੀਅਤ।
- ਇਸ ਸਬ ਪਲਾਨ 2016-17 ਦਾ ਆਕਾਰ, ਸਾਲਾਨਾ ਯੋਜਨਾ 2016-17 ਦੇ ਆਕਾਰ ਦਾ 33.85% ਹੈ ਅਤੇ ਰਾਜ ਵਿੱਚ ਅਨੁਸੂਚਿਤ ਜਾਤੀ ਵਸੋਂ ਦੀ ਪ੍ਰਤੀਸ਼ਤਤਾ (31.94%) ਤੋਂ ਜਿਆਦਾ ਹੈ।
- ਰਾਜ ਦੀ ਸਾਲਾਨਾ ਯੋਜਨਾ ਦੀ ਤਰਜ ਤੇ ਅਨੁਸੂਚਿਤ ਜਾਤੀਆਂ ਸਬ ਪਲਾਨ 2016-17 ਵਿੱਚ ਵੀ ਬਜਟਿਡ ਅਤੇ ਨਾਨ ਬਜਟਿਡ (ਨੋਸ਼ਨਲ ਐਲੋਕੇਸ਼ਨ) ਉਪਬੰਧ ਸ਼ਾਮਲ ਕੀਤੇ ਗਏ ਹਨ। ਨਾਨ ਬਜਟਿਡ ਉਪਬੰਧ ਉਹ ਉਪਬੰਧ ਹੁੰਦੇ ਹਨ ਜੋ ਰਾਜ ਦੀ ਸਾਲਾਨਾ ਯੋਜਨਾ/ ਅਨੁਸੂਚਿਤ ਜਾਤੀਆਂ ਸਬ ਪਲਾਨ ਵਿੱਚ ਤਾਂ ਸ਼ਾਮਲ ਹੁੰਦੇ ਹਨ ਪਰ ਵਿੱਤ ਵਿਭਾਗ ਦੇ ਬਜਟ ਵਿੱਚ ਬੁੱਕ ਨਹੀਂ ਹੁੰਦੇ, ਕਿਉਂਕਿ ਇਹ ਉਪਬੰਧ ਵੱਖ-ਵੱਖ ਅਦਾਰਿਆਂ ਜਿਵੇਂ ਕਿ ਦਿਹਾਤੀ ਸਥਾਨਕ ਸੰਸਥਾਵਾਂ, ਸਹਿਰੀ ਸਥਾਨਕ ਸੰਸਥਾਵਾਂ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ/ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਪਸ਼ੂਧਨ ਬੋਰਡ, ਪਸ਼ੂ ਮੇਲਾ ਫੰਡ, ਪੁੱਡਾ, ਗਮਾਡਾ, ਗਲਾਡਾ, ਖੇਤੀਬਾੜੀ ਮਾਰਕੀਟਿੰਗ ਬੋਰਡ, ਪੰਜਾਬ ਬੁਨਿਆਦੀ-ਢਾਂਚਾ ਵਿਕਾਸ ਬੋਰਡ ਆਦਿ ਵਲੋਂ ਅਪਣੇ ਸਰੋਤਾਂ ਤੋਂ ਖਰਚ ਕੀਤੇ ਜਾਂਦੇ ਹਨ। ਵੇਰਵਾ ਹੇਠ ਅਨੁਸਾਰ ਹੈ:-

**(ਰੁਪਏ ਕਰੋੜਾਂ ਵਿੱਚ)**

| ਸਾਲਾਨਾ ਯੋਜਨਾ 2016-17 | | | ਐਸ.ਸੀ.ਐਸ.ਪੀ 2016-17 | | | | |
|---|---|---|---|---|---|---|---|
| ਕੁੱਲ ਉਪਬੰਧ | ਰਾਜ ਅਤੇ ਕੇਂਦਰ ਦਾ ਹਿੱਸਾ (ਕਾਲਮ 1 ਵਿੱਚੋਂ) | | ਕੁੱਲ ਉਪਬੰਧ | ਰਾਜ ਅਤੇ ਕੇਂਦਰ ਦਾ ਹਿੱਸਾ (ਕਾਲਮ 4 ਵਿੱਚੋਂ) | | ਬਜਟਿਡ ਅਤੇ ਨਾਨ- ਬਜਟਿਡ (ਕਾਲਮ 4 ਵਿੱਚੋਂ) | |
| | ਰਾਜ | ਕੇਂਦਰ | | ਰਾਜ | ਕੇਂਦਰ | ਬਜਟਿਡ | ਨਾਨ- ਬਜਟਿਡ |
| 1 | 2 | 3 | 4 | 5 | 6 | 7 | 8 |
| 25478.52 | 20202.58 | 5275.94 | 8624.55 | 6559.30 (76.05%) | 2065.25 (23.95%) | 4649.63 (53.91%) | 3974.92 (46.09%) |

➤ ਅਨੁਸੂਚਿਤ ਜਾਤੀਆਂ ਸਬ ਪਲਾਨ 2016-17 ਦੇ ਅੰਗਰੇਜੀ ਅਤੇ ਪੰਜਾਬੀ ਭਾਸ਼ਾ ਦੇ ਦਸਤਾਵੇਜ਼ ਵਿੱਤ ਵਿਭਾਗ ਦੀ ਵੈਬਸਾਇਟ www.pbfinance.gov.in ਅਤੇ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਤੇ ਵੀ ਉਪਲੱਬਧ ਹਨ।

## VI. ਅਨੁਸੂਚਿਤ ਜਾਤੀਆਂ ਸਬ ਪਲਾਨ ਅਧੀਨ ਆਉਂਦੀਆਂ ਅਨੁਸੂਚਿਤ ਜਾਤੀਆਂ ਲਈ ਨਿਵੇਕਲੀਆਂ (exclusive) ਸਕੀਮਾਂ ਦਾ ਵੇਰਵਾ:-

ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਸਿੱਧਾ ਲਾਭ ਪਹੁੰਚਾਉਣ ਵਾਲੀਆਂ exclusive ਸਕੀਮਾਂ ਅਧੀਨ ਸਾਲ 2012-13, 2013-14, 2014-15 ਅਤੇ 2015-16 ਦੌਰਾਨ ਹੋਏ ਖਰਚੇ ਦਾ ਵੇਰਵਾ ਹੇਠ ਅਨੁਸਾਰ ਹੈ:-

(₹ ਕਰੋੜਾਂ ਵਿੱਚ)

| ਸਾਲ | ਕੁੱਲ ਐਸ.ਸੀ. ਐਸ.ਪੀ. ਉਪਬੰਧ | ਐਸ.ਸੀ. ਐਸ.ਪੀ ਬਜਟਿਡ ਉਪਬੰਧ (ਕਾਲਮ 2 ਵਿਚੋਂ) | ਅਨੁਸੂਚਿਤ ਜਾਤੀਆਂ ਨੂੰ ਸਿੱਧਾ ਲਾਭ ਦੇਣ ਵਾਲੀਆਂ ਸਕੀਮਾਂ ਦਾ ਉਪਬੰਧ (ਕਾਲਮ 3 ਵਿਚੋਂ) | ਕਾਲਮ 4 ਦੀ ਕਾਲਮ 2 ਨਾਲ ਪ੍ਰਤੀਸ਼ਤਤਾ | ਕਾਲਮ 4 ਦੀ ਕਾਲਮ 3 ਨਾਲ ਪ੍ਰਤੀਸ਼ਤਤਾ | ਖਰਚਾ (ਕਾਲਮ 4 ਵਿਰੁੱਧ) | ਕਾਲਮ 7 ਦੀ ਕਾਲਮ 2 ਨਾਲ ਪ੍ਰਤੀਸ਼ਤਤਾ | ਕਾਲਮ 7 ਦੀ ਕਾਲਮ 3 ਨਾਲ ਪ੍ਰਤੀਸ਼ਤਤਾ | ਕਾਲਮ 7 ਦੀ ਕਾਲਮ 4 ਨਾਲ ਪ੍ਰਤੀਸ਼ਤਤਾ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| 12ਵੀਂ ਪੰਜ ਸਾਲਾ ਯੋਜਨਾ (2012-17) | | | | | | | | | |
| 2012-13 | 4039.00 | 2113.09 | 216.94 | 5.37 | 10.27 | 131.24 | 3.25 | 6.21 | 60.50 |
| 2013-14 | 4653.00 | 2515.17 | 447.39 | 9.61 | 17.79 | 137.58 | 2.96 | 5.47 | 30.75 |
| 2014-15 | 6432.00 | 3982.50 | 427.06 | 6.64 | 10.72 | 618.97 | 9.62 | 15.54 | 144.94* |
| 2015-16 | 6764.10 | 3718.27 | 568.29 | 8.40 | 15.28 | 289.32 | 4.28 | 7.78 | 50.91 |

* **ਅਨੁਸੂਚਿਤ ਜਾਤੀਆਂ ਲਈ ਪੋਸਟ ਮੈਟ੍ਰਿਕ ਸਕਾਲਸ਼ਿੱਪ ਸਕੀਮ ਅਧੀਨ ਪਿਛਲੇ ਸਾਲਾਂ ਦੀ ਦੇਣਦਾਰੀ ਕਲੀਅਰ ਕਰਨ ਨਾਲ ਵੱਧ ਪ੍ਰਗਤੀ ਹੋਈ ਹੈ।**

**ਨੋਟ:** ਅਨੁਸੂਚਿਤ ਜਾਤੀਆਂ ਲਈ exclusive ਮੁੱਖ ਸਕੀਮਾਂ ਦਾ ਵੇਰਵਾ ਅਤੇ ਅਨੁਸੂਚਿਤ ਜਾਤੀਆਂ ਸਬ ਪਲਾਨ ਦਸਤਾਵੇਜ 2016-17, ਭਲਾਈ ਵਿਭਾਗ ਦੀ ਵੈਬਸਾਇਟ ਤੇ ਉਪਲੱਬਧ ਹੈ।

## VII. ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) ਲਈ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ)

- ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਆਰਥਿਕ ਵਿਕਾਸ ਲਈ 100% ਗਰਾਂਟ ਵਜੋਂ **"ਅਨੁਸੂਚਿਤ ਜਾਤੀਆਂ ਸਬ ਪਲਾਨ ਲਈ ਵਿਸ਼ੇਸ਼ ਕੇਂਦਰੀ ਸਹਾਇਤਾ"** ਮੁਹੱਈਆਂ ਕਰਵਾਈ ਜਾਂਦੀ ਹੈ।

- ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ ਕੇਂਦਰੀ ਸਹਾਇਤਾ ਨਾਲ ਲਾਗੂ ਕੀਤੀਆਂ ਜਾਣ ਵਾਲੀਆਂ ਸਕੀਮਾਂ ਤਿਆਰ ਕਰਨ ਅਤੇ ਇਸ ਰਾਸ਼ੀ ਦੀ ਸਕੀਮਵਾਰ ਵੰਡ ਕਰਨ, ਦੇਖਰੇਖ, ਮੁਲਾਂਕਣ ਅਤੇ ਲੇਖੇ ਜੋਖੇ (accountability) ਦਾ ਕੰਮ ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਸਬ ਪਲਾਨ ਵੱਲੋਂ ਬਤੌਰ ਨੋਡਲ ਵਿਭਾਗ ਕੀਤਾ ਜਾਂਦਾ ਹੈ ।

- ਰਾਜ ਸਰਕਾਰ ਵੱਲੋਂ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ 2015-16 ਦੀ ਯੋਜਨਾ ਹੇਠ 50.00 ਕਰੋੜ ਰੁਪਏ ਦਾ ਉਪਬੰਧ ਰੱਖਿਆ ਗਿਆ ਹੈ। ਇਸ ਯੋਜਨਾ ਹੇਠ ਵੱਖ-ਵੱਖ ਵਿਭਾਗਾਂ/ਅਦਾਰਿਆਂ ਅਤੇ ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ ਦੀਆਂ ਪ੍ਰਵਾਨਤ ਸਕੀਮਾਂ ਲਈ ਫੰਡ ਜਾਰੀ ਕੀਤੇ ਜਾਂਦੇ ਹਨ ਤਾਂ ਜੋ ਹੇਠਲੇ ਪੱਧਰ ਤੇ ਅਨੁਸੂਚਿਤ ਜਾਤੀਆਂ ਦੀਆਂ ਲੋੜਾਂ ਦੇ ਸਨਮੁੱਖ ਉਨ੍ਹਾਂ ਦੇ ਆਰਥਿਕ ਵਿਕਾਸ ਲਈ ਪ੍ਰੋਗਰਾਮ ਉਲੀਕੇ/ਲਾਗੂ ਕੀਤੇ ਜਾ ਸਕਣ। ਸਮਾਂਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਸਾਲ 2015-16 ਦੌਰਾਨ ਪੰਜਾਬ ਰਾਜ ਲਈ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਨਿਰਧਾਰਿਤ 69.30 ਕਰੋੜ ਰੁਪਏ ਦੀ ਨੋਸ਼ਨਲ ਐਲੋਕੇਸ਼ਨ ਵਿਚੋਂ ਪਹਿਲੀ ਕਿਸ਼ਤ ਦੇ 27.09 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਰਾਜ ਸਰਕਾਰ ਕੋਲ ਉਪਲੱਬਧ ਫੰਡਾਂ ਵਿਚੋਂ 24.58 ਕਰੋੜ ਰੁਪਏ ਦੀ ਰਾਸ਼ੀ ਵੱਖ-ਵੱਖ ਸਕੀਮਾਂ ਹੇਠ ਜਾਰੀ ਕਰਨ ਲਈ ਭਲਾਈ ਵਿਭਾਗ ਵੱਲੋਂ ਪ੍ਰਵਾਨ ਕੀਤੀ ਗਈ ਸੀ ਜਿਸ ਵਿਚੋਂ ਖਜਾਨੇ ਵੱਲੋਂ 23.55 ਕਰੋੜ ਰੁਪਏ ਦੀ ਰਾਸ਼ੀ ਰੀਲੀਜ ਕੀਤੀ ਗਈ। ਇਸ ਵਿਚੋਂ 18.06 ਕਰੋੜ ਰੁਪਏ ਦੀ ਰਾਸ਼ੀ ਖਰਚ ਕਰਕੇ ਇਸ ਦਾ ਵਰਤੋਂ ਸਰਟੀਫਿਕੇਟ ਭਾਰਤ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਸਾਲ 2016-17 ਦੌਰਾਨ ਵਿਸ਼ੇਸ਼ ਕੇਂਦਰੀ ਸਹਾਇਤਾ ਅਧੀਨ 70.00 ਕਰੋੜ ਰੁਪਏ ਦੀ ਐਕਸ਼ਨ ਪਲਾਨ ਤਿਆਰ ਕੀਤੀ ਗਈ ਹੈ। ਇਸ ਐਕਸ਼ਨ ਪਲਾਨ ਦਾ ਖਰਚਾ ਸਾਲ 2016-17 ਦੌਰਾਨ ਭਾਰਤ ਸਰਕਾਰ ਤੋਂ ਪ੍ਰਾਪਤ ਹੋਣ ਵਾਲੀ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਰਾਸ਼ੀ ਵਿਚੋ ਕੀਤਾ ਜਾਵੇਗਾ।

- ਜਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ ਰਾਹੀਂ ਸਾਲ 2009-10 ਤੋਂ ਸਾਲ 2015-16 ਤੱਕ ਅਨੁਸੂਚਿਤ ਜਾਤੀਆਂ ਦੇ ਬੀ.ਪੀ.ਐਲ. ਪਰਿਵਾਰਾਂ ਦੀਆਂ 5640 ਲੜਕੀਆਂ ਨੂੰ ਮੁਫਤ ਸਿਲਾਈ ਮਸ਼ੀਨਾਂ ਅਤੇ 3504 ਅਨੁਸੂਚਿਤ ਜਾਤੀ ਬੀ.ਪੀ.ਐਲ. ਵਿਅਕਤੀਆਂ ਨੂੰ ਮੁਫਤ ਰਿਕਸ਼ਾ ਰੇਹੜੀਆਂ/ਈਕੋ-ਰਿਕਸ਼ਾ/

ਹੱਥ ਰੇਹੜੀਆਂ/ਠੇਲੇ ਆਦਿ ਮੁਹੱਈਆ ਕਰਵਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਦੇ 750 ਵਿਅਕਤੀਆਂ ਨੂੰ ਸਪ੍ਰੇਅ ਪੰਪ ਅਤੇ 6049 ਵਿਅਕਤੀਆਂ ਨੂੰ ਵੱਖ-ਵੱਖ ਕਿੱਤਿਆਂ ਵਿੱਚ ਸਿਖਲਾਈ ਦੇਣ ਉਪਰੰਤ ਸਬੰਧਤ ਕਿੱਤਿਆਂ ਦੀਆਂ ਟੂਲ-ਕਿੱਟਾਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ।

**ਨੋਟ:-** ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਸੰਬੰਧੀ ਵੇਰਵਾ ਭਲਾਈ ਵਿਭਾਗ ਦੀ ਵੈਬਸਾਇਟ ਤੇ ਉਪਲੱਬਧ ਹੈ।

# ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਸਬ ਪਲਾਨ ਦੇ ਅਧਿਕਾਰੀਆਂ ਦੇ ਨਾਮ ਅਤੇ ਸੰਪਰਕ ਨੰਬਰ

| ਲੜੀ ਨੰ: | ਅਧਿਕਾਰੀ ਦਾ ਨਾਮ | ਆਹੁਦਾ | ਟੈਲੀਫੋਨ/ ਮੋਬਾਇਲ | ਈ-ਮੇਲ |
|---|---|---|---|---|
| 1. | ਸ਼੍ਰੀ ਚਮਨ ਲਾਲ ਵਾਸਨ | ਡਾਇਰੈਕਟਰ-ਕਮ-ਸੰਯੁਕਤ ਸਕੱਤਰ | 98729-99267 | dir.scsp@punjab.gov.in |
| 2. | ਸ਼੍ਰੀ ਰਾਜ ਬਹਾਦਰ ਸਿੰਘ | ਡਿਪਟੀ ਡਾਇਰੈਕਟਰ | 98155-48522 | rbsingh1363@gmail.com |
| 3. | ਸ਼੍ਰੀ ਸੁਸ਼ੀਲ ਕੁਮਾਰ | ਡਿਪਟੀ ਡਾਇਰੈਕਟਰ | 98556-33588 | sushil1306@gmail.com |
| 4. | ਸ਼੍ਰੀ ਰਿਪਦਮਨ ਸਿੰਘ | ਡਿਪਟੀ ਡਾਇਰੈਕਟਰ | 78371-12087 | rippy.deol@ymail.com |

# ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਅਧੀਨ ਦਿੱਤੇ ਜਾ ਰਹੇ ਲਾਭ- ਤਸਵੀਰਾਂ ਵਿੱਚ

## 1) ਰੁਜ਼ਗਾਰ ਉਤਪੱਤੀ ਲਈ ਸਬਸਿਡੀ/ਕਰਜਾ ਸਕੀਮਾਂ



ਡੇਅਰੀ ਫਾਰਮਿੰਗ



ਕਰਿਆਨੇ ਦੀ ਦੁਕਾਨ



ਰਿਕਸ਼ਾ ਰੇਹੜੀ



ਦਰਜੀ ਦੀ ਦੁਕਾਨ



ਪਲੰਬਰ ਦਾ ਕੰਮ



ਖੱਚਰ ਰੇਹੜਾ

## 2) ਕਿੱਤਾ-ਮੁੱਖੀ ਨਿਪੁੰਨਤਾ ਵਿਕਾਸ ਪ੍ਰੋਗਰਾਮ



ਟਾਈਪਿੰਗ ਅਤੇ ਸਟੈਨੋਗ੍ਰਾਫੀ ਦੀ ਸਿਖਲਾਈ



ਕੰਪਿਊਟਰ ਸਿਖਲਾਈ



ਮੋਟਰਸਾਇਕਲ ਰਿਪੇਅਰ ਦੀ ਸਿਖਲਾਈ



ਇਨਵਰਟਰ ਅਤੇ ਸਟੈਬਲਾਈਜਰ ਦੀ ਅਸੈਮਬਲਿੰਗ ਅਤੇ ਮੈਨਟੀਨੈਂਸ ਦੀ ਸਿਖਲਾਈ



ਫੈਸ਼ਨ ਡਿਜਾਇਨ ਦੀ ਸਿਖਲਾਈ



ਫੈਂਸੀ ਬੈਗ ਤਿਆਰ ਕਰਨ ਦੀ ਸਿਖਲਾਈ




ਡਾਇਰੈਕਟੋਰੇਟ ਆਫ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ. ਨੰ: 128-129, ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ: 0172-2600588, 2602912
Website: www.welfarepunjab.gov.in
E.mail: directorwelfarepunjab@gmail.com


8970/07-2016/20000 ਪੰਜਾਬ ਸਰਕਾਰ ਪ੍ਰੈਸ ਐਸ.ਏ.ਐਸ. ਨਗਰ